# FARM AND SPICE

Open 7 Days a Week
8.30 am to 9.00 pm

## SPECIAL OFFERS: 1-7 MAR

Daily Specials on

ਧਨੀਆ
Cilantro
79¢ each

ਲਸਣ
Garlic
69¢ 3s

ਨਿੰਬੂ
Lemon
2 for $1.00

ਐਂਬ੍ਰੋਸੀਆ ਸੇਬ
Ambrosia Apple
$1.49 /lb

ਗਾਲਾ ਬੀ ਸੀ ਸੇਬ
Gala BC Apple
$1.49 /lb

ਆਵੋਕਾਡੋ
Avocado
99¢ each

ਘੀਆ
Opo Long
$1.49 /lb

ਸੈਲਰੀ
Celery
$1.99 each

ਸੰਤਰਾ ਵਡਾ/ਛੋਟਾ
Orange Large/Small
$1.49 /lb

ਅਦਰਕ
Ginger
$1.99 /lb

ਐਸੋਟਿਡ ਕੁਕੀਜ਼
Toasted tradition
Assorted Cookies
1.5 vlb
$5.99 each

ਰੂਹ ਅਫਜ਼ਾ
Rooh Afza
Pakistani
800ml
$3.99 each

ਵੇਸਣ ਮੱਕੀ ਦਾ ਆਟਾ
Ambey
Besan/Makki Da Atta
4 lb
$4.99 each

ਮੈਂਗੋ ਜੂਸ
ITN
Mango Juice
1.5Ltr
$2.99 each

ਆਈ ਟੀ ਐਨ ਚਾਵਲ
ITN Basmati
Super Long Rice
8 lb
$9.99 each

ਕਨੋਲਾ ਤੇਲ
Canola Harvest
Canola Oil
3 ltr
$12.99 each

ਸ਼ਾਨੀਆ ਸੂਰਜਮੁਖੀ ਤੇਲ
Sania Sunflower
Oil 5 Ltr
5 ltr
$16.99 each

ਆਸ਼ੀਰਵਾਦ ਆਟਾ
Aashriwad
Whole Wheat Atta
20 lb
$19.99 each

ਨਊਟ੍ਰੀ ਫ੍ਰੈਸ਼ ਘਿਓ
NurtiFresh
Ghee
1.6 kg
$29.99 each

#9546-9548 Scott Town Plaza 96 Ave Scott Road Surrey
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323

*while supply last

# ਗਾਜ਼ਾ ਦੀ ਇਕ ਚੌਥਾਈ ਆਬਾਦੀ ਭੁੱਖਮਰੀ ਦੇ ਕੰਢੇ ’ਤੇ


ਸੰਯੁਕਤ ਰਾਸ਼ਟਰ: ਗਾਜ਼ਾ ਦੀ 5,76,000 ਆਬਾਦੀ ’ਚੋਂ ਘੱਟੋ-ਘੱਟ ਇਕ ਚੌਥਾਈ ਲੋਕ ਭੁੱਖਮਰੀ ਤੋਂ ਸਿਰਫ ਇਕ ਕਦਮ ਦੂਰ ਹਨ ਅਤੇ ਪੂਰੀ ਆਬਾਦੀ ਨੂੰ ਭੋਜਨ ਦੀ ਸਖ਼ਤ ਜ਼ਰੂਰਤ ਹੈ। ਨਤੀਜੇ ਵਜੋਂ ਭੁੱਖੇ ਲੋਕ ਨਾ ਸਿਰਫ ਰਾਹਤ ਸਮੱਗਰੀ ਲੈ ਕੇ ਜਾ ਰਹੇ ਟਰੱਕਾਂ ’ਤੇ ਗੋਲੀਆਂ ਚਲਾ ਰਹੇ ਹਨ ਬਲਕਿ ਉਨ੍ਹਾਂ ਟਰੱਕਾਂ ਨੂੰ ਵੀ ਲੁੱਟ ਰਹੇ ਹਨ। ਸੰਯੁਕਤ ਰਾਸ਼ਟਰ ਦੇ ਇਕ ਚੋਟੀ ਦੇ ਅਧਿਕਾਰੀ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿਤੀ। ਸੰਯੁਕਤ ਰਾਸ਼ਟਰ ਮਨੁੱਖਤਾਵਾਦੀ ਦਫਤਰ ਅਤੇ ਸੰਯੁਕਤ ਰਾਸ਼ਟਰ ਦੇ ਖੁਰਾਕ ਅਤੇ ਖੇਤੀਬਾੜੀ ਸੰਗਠਨ ਦੇ ਅਧਿਕਾਰੀਆਂ ਨੇ ਗਾਜ਼ਾ ਦੀ ਸਥਿਤੀ ਦਾ ਵਰਣਨ ਕਰਦਿਆਂ ਕਿਹਾ ਕਿ ਜੰਗ ਦੇ ਮਾਹੌਲ ’ਚ ਗਾਜ਼ਾ ਦੀ ਪੂਰੀ ਆਬਾਦੀ ਗੰਭੀਰ ਖਤਰੇ ਦਾ ਸਾਹਮਣਾ ਕਰ ਰਹੀ ਹੈ ਜਾਂ ਭੋਜਨ ਅਸੁਰੱਖਿਆ ਦੇ ਵਿਗੜ ਰਹੇ ਹਨ। ਇੰਨਾ ਹੀ ਨਹੀਂ, ਉੱਤਰੀ ਗਾਜ਼ਾ ’ਚ ਸਥਿਤੀ ਹੋਰ ਵੀ ਖਰਾਬ ਹੈ, ਜਿੱਥੇ ਲੋਕਾਂ ਨੂੰ ਭੋਜਨ ਅਤੇ ਹੋਰ ਮਨੁੱਖੀ ਸਪਲਾਈ ਦੀ ਭਾਰੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗਾਜ਼ਾ ਦੀ ਮੌਜੂਦਾ ਸਥਿਤੀ ਦਾ ਵਰਣਨ ਕਰਦਿਆਂ ਸੰਯੁਕਤ ਰਾਸ਼ਟਰ ਮਨੁੱਖਤਾਵਾਦੀ ਕੋਆਰਡੀਨੇਟਰ ਰਮੇਸ਼ ਰਾਮਸਿੰਘਮ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੂੰ ਦਸਿਆ ਕਿ ਸਥਿਤੀ ਹੋਰ ਵਿਗੜਨ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਗਾਜ਼ਾ ਦੀ ਇਕ ਚੌਥਾਈ ਆਬਾਦੀ ਭੁੱਖਮਰੀ ਦੇ ਕੰਢੇ ’ਤੇ ਹੈ ਅਤੇ ਉੱਤਰੀ ਗਾਜ਼ਾ ਵਿਚ ਦੋ ਸਾਲ ਤੋਂ ਘੱਟ ਉਮਰ ਦੇ ਹਰ ਛੇ ਬੱਚਿਆਂ ਵਿਚੋਂ ਇਕ ਕੁਪੋਸ਼ਣ ਦਾ ਸ਼ਿਕਾਰ ਹੋ ਰਿਹਾ ਹੈ। ਵਿਸ਼ਵ ਖੁਰਾਕ ਪ੍ਰੋਗਰਾਮ ਦੇ ਉਪ ਕਾਰਜਕਾਰੀ ਨਿਰਦੇਸ਼ਕ ਕਾਰਲ ਸਕਾਊ ਨੇ ਕਿਹਾ ਕਿ ਗਾਜ਼ਾ ਵਿਚ ਬੱਚਿਆਂ ਵਿਚ ਕੁਪੋਸ਼ਣ ਦਾ ਪੱਧਰ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਹੁਣ ਤਕ ਦਾ ਸੱਭ ਤੋਂ ਗੰਭੀਰ ਪੱਧਰ ਹੈ।



# ਬੰਧਕਾਂ ਦੀ ਰਿਹਾਈ ’ਤੇ ਇਜ਼ਰਾਈਲ ਜੰਗਬੰਦੀ ਲਈ ਤਿਆਰ:ਬਾਇਡਨ

ਤਲ ਅਵੀਵ:ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਹੈ ਕਿ ਜੇਕਰ ਹਮਾਸ ਵੱਲੋਂ ਬੰਦੀ ਬਣਾ ਕੇ ਰੱਖੇ ਗਏ ਵਿਅਕਤੀਆਂ ਦੀ ਰਿਹਾਈ ਬਾਰੇ ਸਮਝੌਤਾ ਹੋ ਜਾਂਦਾ ਹੈ ਤਾਂ ਇਜ਼ਰਾਈਲ ਰਮਜ਼ਾਨ ਦੌਰਾਨ ਗਾਜ਼ਾ ’ਚ ਅਤਿਵਾਦੀਆਂ ਖ਼ਿਲਾਫ਼ ਹਮਲੇ ਰੋਕਣ ਲਈ ਤਿਆਰ ਹੈ। ਅਮਰੀਕਾ, ਮਿਸਰ ਤੇ ਕਤਰ ਦੇ ਵਾਰਤਾਕਾਰ ਇੱਕ ਅਜਿਹਾ ਸਮਝੌਤਾ ਕਰਾਉਣ ਦੀ ਕੋਸ਼ਿਸ਼ ਕਰ ਰਹੇ ਹਨ ਜਿਸ ਤਹਿਤ ਫਲਸਤੀਨੀ ਕੈਦੀਆਂ ਦੀ ਰਿਹਾਈ ਅਤੇ ਜੰਗ ’ਚ ਛੇ ਹਫ਼ਤਿਆਂ ਦੀ ਜੰਗਬੰਦੀ ਬਦਲੇ ਹਮਾਸ ਕੁਝ ਬੰਦੀਆਂ ਨੂੰ ਰਿਹਾਅ ਕਰੇਗਾ। ਇਸ ਆਰਜ਼ੀ ਜੰਗਬੰਦੀ ਦੌਰਾਨ ਬਾਕੀ ਬੰਦੀਆਂ ਦੀ ਰਿਹਾਈ ਬਾਰੇ ਗੱਲਬਾਤ ਜਾਰੀ ਰਹੇਗੀ। ਅਗਲੇ ਦਿਨਾਂ ਅੰਦਰ ਜੇਕਰ ਕੋਈ ਸਮਝੌਤਾ ਹੋ ਜਾਂਦਾ ਹੈ ਤਾਂ ਜੰਗਬੰਦੀ ਦੀ ਇਸ ਮਿਆਦ ਦਰਮਿਆਨ ਰਮਜ਼ਾਨ ਵੀ ਸ਼ਾਮਲ ਹੋਵੇਗਾ। ਰਮਜ਼ਾਨ ਦਾ ਮਹੀਨਾ 10 ਮਾਰਚ ਦੇ ਨੇੜੇ ਸ਼ੁਰੂ ਹੁੰਦਾ ਹੈ। ਬਾਇਡਨ ਨੇ ਐੱਨਬੀਸੀ ਦੇ ਇਸ ਪ੍ਰੋਗਰਾਮ ਦੌਰਾਨ ਇੰਟਰਵਿਊ ’ਚ ਕਿਹਾ, ‘ਰਮਜ਼ਾਨ ਆ ਰਿਹਾ ਹੈ ਅਤੇ ਇਜ਼ਰਾਈਲਾਂ ਨੇ ਇੱਕ ਸਮਝੌਤਾ ਕੀਤਾ ਹੈ ਕਿ ਉਹ ਰਮਜ਼ਾਨ ਦੌਰਾਨ ਵੀ ਜੰਗੀ ਗਤੀਵਿਧੀਆਂ ’ਚ ਸ਼ਾਮਲ ਨਹੀਂ ਹੋਣਗੇ ਤਾਂ ਜੋ ਸਾਡੇ ਸਾਰੇ ਬੰਧਕਾਂ ਨੂੰ ਬਾਹਰ ਕੱਢਣ ਦਾ ਸਮਾਂ ਮਿਲ ਸਕੇ।’ ਉਨ੍ਹਾਂ ਉਮੀਦ ਜ਼ਾਹਿਰ ਕੀਤੀ ਕਿ ਇਹ ਸਮਝੌਤਾ ਅਗਲੇ ਹਫ਼ਤੇ ਹੋ ਸਕਦਾ ਹੈ। ਬਾਇਡਨ ਨੇ ਹਾਲਾਂਕਿ ਜੰਗ ਖਤਮ ਕਰਨ ਦਾ ਕੋਈ ਸੱਦਾ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਜ਼ਰਾਈਲ ਨੇ ਰਾਫਾਹ ’ਤੇ ਗੋਲਾਬਾਰੀ ਘਟਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਇਜ਼ਰਾਈਲ ਵੱਲੋਂ ਗਾਜ਼ਾ ’ਤੇ ਕੀਤੇ ਜਾ ਰਹੇ ਹਮਲਿਆਂ ’ਚ ਹੁਣ ਤੱਕ 29,700 ਲੋਕਾਂ ਦੀ ਮੌਤ ਹੋ ਚੁੱਕੀ ਹੈ ਜਿਨ੍ਹਾਂ ਵਿੱਚ ਜ਼ਿਆਦਾ ਗਿਣਤੀ ਔਰਤਾਂ ਤੇ ਬੱਚਿਆਂ ਦੀ ਹੈ।

# ਡੋਨਲਡ ਟਰੰਪ ਨੇ ਸਾਊਥ ਕੈਰੋਲੀਨਾ ਵਿਚ ਨਿੱਕੀ ਹੇਲੇ ਨੂੰ ਪਛਾੜ ਕੇ ਨਾਮਜ਼ਦਗੀ ਚੋਣ ਜਿੱਤੀ



ਸੈਕਰਾਮੈਂਟੋ-ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਾਬਕਾ ਗਵਰਨਰ ਨਿਕੀ ਹੇਲੇ ਨੂੰ ਉਸ ਦੇ ਆਪਣੇ ਹੀ ਰਾਜ ਸਾਊਥ ਕੈਰੋਲੀਨਾ ਵਿਚ ਹਰਾ ਕੇ ਨਾਮਜ਼ਦਗੀ ਚੋਣ ਜਿੱਤ ਲਈ ਹੈ। ਇਸ ਤਰਾਂ ਟਰੰਪ ਰਿਪਬਲੀਕਨ ਪਾਰਟੀ ਵੱਲੋਂ 2024 ਵਿਚ ਮੁੜ ਰਾਸ਼ਟਰਪਤੀ ਚੋਣ ਲੜਨ ਦੀ ਦੌੜ ਜਿੱਤਣ ਦੇ ਹੋਰ ਨੇੜੇ ਪੁੱਜ ਗਏ ਹਨ। ਬੀਤੀ ਰਾਤ 7 ਵਜੇ ਸਾਊਥ ਕੈਰੋਲੀਨਾ ਵਿਚ ਵੋਟਾਂ ਪੈਣ ਦੇ ਕੁਝ ਸਮੇ ਬਾਅਦ ਹੀ ਟਰੰਪ ਵੱਲੋਂ ਪਾਇਮਰੀ ਚੋਣ ਜਿੱਤ ਲੈਣ ਦਾ ਐਲਾਨ ਕਰ ਦਿੱਤਾ ਗਿਆ। ਆਪਣੀ ਇਸ ਜਿੱਤ ਉਪਰ ਟਰੰਪ ਨੇ ਕਿਹਾ ਕਿ ਇਹ ਸ਼ਾਨਦਾਰ ਸ਼ਾਮ ਹੈ। ਉਨਾਂ ਨੇ ਨਿਕੀ ਹੇਲੇ ਦਾ ਨਾਂ ਲਏ ਬਗੈਰ ਕਿਹਾ ਕਿ ਮੈ ਕਦੀ ਵੀ ਰਿਪਬਲੀਕਨ ਪਾਰਟੀ ਏਨੀ ਇਕਜੁੱਟ ਨਹੀਂ ਵੇਖੀ ਜਿੰਨੀ ਅੱਜ ਹੈ। ਇਸ ਮੌਕੇ ਉਨਾਂ ਨੇ ਆਪਣੇ ਏਜੰਡੇ ਖਾਸ ਕਰਕੇ ਇਮੀਗ੍ਰੇਸ਼ਨ ਨੀਤੀ ਬਾਰੇ ਵੀ ਗੱਲ ਕੀਤੀ। ਉਨਾਂ ਨੇ ਆਪਣੇ ਹਮਾਇਤੀਆਂ ਨੂੰ ਅਗਲੀ ਮਿਸ਼ੀਗਨ ਦੀ ਪਾਇਮਰੀ ਚੋਣ ਲਈ ਤਿਆਰ ਰਹਿਣ ਵਾਸਤੇ ਕਿਹਾ।

BADH
26 Years Experience in Accounting
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC
Jasbir Singh Badh



Charlesworth
insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
ICBC autoplan
"For Fast, Friendly and Reliable Service!"



Phone:
604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com
Wedding Cards
ਵਿਆਹ ਦੇ ਕਾਰਡ



Best Rates
ਵਿਆਹ ਦੇ ਕਾਰਡ
Letterheads,
Business Cards, Envelops
Invoices, Flyers,
Folding, Stitching,
Numbering, Rubbers Stamps,
Receipt Books, Brochures
All kinds of Signs and Decals
ਲੈਟਰਹੈੱਡ, ਬਿਜਨਸ ਕਾਰਡ,
ਲਫਾਫੇ, ਇਨਵੋਏਸਿਸ,
ਇਸ਼ਤਿਹਾਰ, ਫੋਲਡਿੰਗ, ਸਟਿਚਿੰਗ,
ਨੰਬਰਿੰਗ, ਰਬਰ ਸਟੈਂਪਸ, ਰਸੀਦ
ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ
ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਗੁਰਮਤਿ, ਸਾਹਿਤ ਅਤੇ ਪੱਤਰਕਾਰੀ ਦੇ ਸੁਮੇਲ ਗਿਆਨੀ ਗੁਰਦਿੱਤ ਸਿੰਘ ਜੀ ਦੇ 101ਵੇਂ ਜਨਮ ਦਿਨ 'ਤੇ ਸਮਾਗਮ

## 'ਸੂਰਜ ਦੀ ਅੱਖ' ਰਾਹੀਂ ਇਤਿਹਾਸ ਵਿਗਾੜਨ ਵਾਲੇ ਬਲਦੇਵ ਸੜਕਨਾਮੇ ਦੀ ਗਿਆਨੀ ਜੀ ਬਾਰੇ ਲਿਖੀ ਕਿਤਾਬ ਨੂੰ ਪ੍ਰਚਾਰਨਾ ਗਲਤ




ਸਰੀ ਡੈਲਟਾ:ਲੋਕ ਵਿਰਸੇ ਅਤੇ ਧਰਮ-ਚਿੰਤਨ ਦਾ ਸੁਮੇਲ ਗਿਆਨੀ ਗੁਰਦਿੱਤ ਸਿੰਘ ਜੀ ਪੰਜਾਬੀ ਸਾਹਿਤ ਦਰਵੇਸ਼ ਵਿਦਵਾਨ ਸਨ। ਉਹ ਬਹੁਪੱਖੀ, ਬਹੁਪਸਾਰੀ, ਬਹੁਰੰਗੀ ਅਤੇ ਬਹੁਮੰਤਵੀ ਸ਼ਖ਼ਸੀਅਤ ਦੇ ਮਾਲਕ ਸਨ। ਉਹ ਗੁਰਮਤਿ ਦੇ ਧਾਰਨੀ, ਸਿੱਖ ਸੋਚ ਦੇ ਮੁੱਦਈ, ਸਿੱਖ ਧਰਮ ਦੇ ਪ੍ਰਤੀਬੱਧ ਅਤੇ ਗੁਰਬਾਣੀ ਦੇ ਖੋਜੀ ਵਿਆਖਿਆਕਾਰ ਸਨ। ਗਿਆਨੀ ਗੁਰਦਿੱਤ ਸਿੰਘ ਜੀ ਦਾ ਕੋਤਰ ਸੌਵਾਂ ਜਨਮ ਦਿਨ ਗੁਰਦੁਆਰਾ ਸਾਹਿਬ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਡੈਲਟਾ ਵਿਖੇ 24 ਫਰਵਰੀ ਨੂੰ ਮਨਾਇਆ ਗਿਆ।

ਇਹ ਸਮਾਗਮ ਗਿਆਨੀ ਦਿੱਤ ਸਿੰਘ ਸਾਹਿਤ ਸਭਾ ਕੈਨੇਡਾ ਦੇ ਸਹਿਯੋਗ ਨਾਲ ਉਤਸ਼ਾਹ ਪੂਰਵਕ ਰੂਪ ਵਿੱਚ ਕਰਵਾਇਆ ਗਿਆ। ਇਸ ਮੌਕੇ ਤੇ ਗੁਰਦੁਆਰਾ ਸਾਹਿਬ ਦੀਆਂ ਸੰਗਤਾਂ ਅਤੇ ਪ੍ਰਬੰਧਕਾਂ ਨੇ ਗਿਆਨੀ ਜੀ ਦੀ ਇਤਿਹਾਸਿਕ ਦੇਣ ਨੂੰ ਚੇਤੇ ਕੀਤਾ। ਗੁਰਦੁਆਰਾ ਸਾਹਿਬ ਵਿਖੇ ਬੋਲਦਿਆਂ ਗਿਆਨੀ ਦਿੱਤ ਸਿੰਘ ਸਾਹਿਤ ਸਭਾ ਕੈਨੇਡਾ ਦੇ ਪ੍ਰਤਿਨਿਧ ਡਾ. ਗੁਰਵਿੰਦਰ ਸਿੰਘ ਨੇ ਗਿਆਨੀ ਗੁਰਦਿੱਤ ਸਿੰਘ ਜੀ ਦੇ ਜੀਵਨ ਇਤਿਹਾਸ, ਗੁਰਬਾਣੀ ਦੇ ਨਾਲ ਡੂੰਘੇ ਸਬੰਧਾਂ, ਪੰਜਾਬੀ ਪੱਤਰਕਾਰੀ ਲਈ ਯੋਗਦਾਨ, ਸਿੱਖ ਸੰਸਥਾਵਾਂ ਅਤੇ ਪੰਜਾਬੀ ਸੰਸਥਾਵਾਂ ਦੇ ਸਥਾਪਨਾ ਵਿੱਚ ਭੂਮਿਕਾ ਅਤੇ ਉਹਨਾਂ ਦੀ ਪੰਜਾਬੀ ਵਿਰਸੇ ਤੇ ਸੱਭਿਆਚਾਰ ਲਈ ਦੇਣ ਵਾਲੇ ਵਿਚਾਰ ਸਾਂਝੇ ਕੀਤੇ।

ਉਹਨਾਂ ਕਿਹਾ ਕਿ ਜਿੱਥੇ ਗਿਆਨੀ ਗੁਰਦਿੱਤ ਸਿੰਘ ਜੀ ਸਿੱਖ ਇਤਿਹਾਸ ਅਤੇ ਗੁਰਬਾਣੀ ਨੂੰ ਸਹੀ ਰੂਪ ਵਿੱਚ ਪੇਸ਼ ਕਰਨ ਵਾਲੀ ਸ਼ਖਸੀਅਤ ਸਨ, ਉੱਥੇ ਉਹਨਾਂ ਬਾਰੇ ਕਿਤਾਬ ਲਿਖਵਾਉਣ ਲਈ 'ਬਲਦੇਵ ਸੜਕਨਾਮਾ' ਦੀ ਚੋਣ ਕਰਨਾ ਗਲਤ ਹੈ, ਜਿਸਨੇ 'ਸੂਰਜ ਦੀ ਅੱਖ' ਨਾਵਲ (25 ਹਜਾਰ ਡਾਲਰ ਦਾ ਢਾਹਾਂ ਅਵਾਰਡ ਲੈਣ ਵਾਲਾ) ਰਾਹੀਂ ਸਿੱਖ ਇਤਿਹਾਸ ਨੂੰ ਨਾ ਸਿਰਫ ਵਿਗਾੜਿਆ ਹੈ, ਬਲਕਿ ਇਸ ਪ੍ਰਤੀ ਨਫਰਤ ਦਾ ਵੀ ਪ੍ਰਗਟਾਵਾ ਕੀਤਾ ਹੈ। ਦੁਖਦਾਈ ਗੱਲ ਇਹ ਹੈ ਕਿ ਅਖੌਤੀ ਵਿਦਵਾਨ ਸਰੀ, ਕੈਨੇਡਾ ਸਮੇਤ ਵੱਖ-ਵੱਖ ਸਟੇਜਾਂ ਤੋਂ ਬਲਦੇਵ ਸੜਕਨਾਮੇ ਦੀ ਗਿਆਨੀ ਗੁਰਦਿੱਤ ਸਿੰਘ ਬਾਰੇ ਕਿਤਾਬ ਗੁਰਮੁਖੀ ਅਤੇ ਸ਼ਾਹਮੁਖੀ ਵਿੱਚ ਛਪਾ ਕੇ ਵੰਡੀ ਜਾ ਰਹੇ ਹਨ, ਜੋ ਕਿ ਮੰਦਭਾਗਾ ਵਰਤਾਰਾ ਹੈ। ਗਿਆਨੀ ਗੁਰਦਿੱਤ ਸਿੰਘ ਜੀ ਨੇ ਆਪਣੀ 83 ਸਾਲ ਦੀ ਉਮਰ ਤੋਂ ਵੀ ਵੱਧ ਲਗਪਗ 100 ਪੁਸਤਕਾਂ, ਕਿਤਾਬਚੇ, ਲੇਖ ਅਤੇ ਟਰੈਕਟ ਖੁਦ ਲਿਖੇ/ਸੰਪਾਦਤ ਕੀਤੇ। ਗਿਆਨੀ ਗੁਰਦਿੱਤ ਸਿੰਘ ਬਹੁ-ਪੱਖੀ, ਬਹੁਰੰਗੀ, ਗਿਆਨਵਾਨ ਅਤੇ ਵਿਦਵਾਨ ਗਿਆਨੀ ਜੀ ਦੁਆਰਾ ਲਿਖੀਆਂ ਹੋਈਆਂ ਤਿੰਨ ਕਿਤਾਬਾਂ ਸਾਹਿਤ ਜਗਤ ਵਿਚ ਸ਼ਾਹਕਾਰ ਵਜੋਂ ਜਾਣੀਆਂ ਜਾਂਦੀਆਂ ਹਨ: ਮੇਰਾ ਪਿੰਡ, ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਮੁੰਦਾਵਣੀ। ਸ੍ਰੀ ਗੁਰੂ ਗ੍ਰੰਥ ਸਾਹਿਬ ਗਿਆਨੀ ਜੀ ਦੇ ਜੀਵਨ ਦਾ ਕੇਂਦਰੀ ਧੁਰਾ ਰਿਹਾ ਹੈ। ਉਹ ਗਿਆਨ ਦੇ ਭੰਡਾਰ ਅਤੇ ਸਿੱਖ ਧਰਮ ਦੇ ਪਹਿਰੇਦਾਰ ਬਣਕੇ ਨਿਤਰੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਖਾਲਸੇ ਦੇ ਤਿੰਨ ਸੌ ਸਾਲਾਂ ਨੂੰ ਸਮਰਪਿਤ 50 ਕਿਤਾਬਾਂ ਦਾ ਸੰਪਾਦਨ ਕੀਤਾ। ਗਿਆਨੀ ਜੀ ਪੰਜਾਬ ਵਿਧਾਨ ਪਰਿਸ਼ਦ ਦੇ 1958 ਤੋਂ 1961 ਤੱਕ ਮੈਂਬਰ ਰਹੇ। ਉਹਨਾਂ ਦੇ ਨਿੱਗਰ ਉਪਰਾਲੇ ਕਰਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਸਿੱਖਾਂ ਦੇ ਪੰਜਵੇ ਤਖ਼ਤ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਥਾਪਨਾ ਹੋਈ। ਇਸ ਤੋਂ ਇਲਾਵਾ ਉਨ੍ਹਾਂ ਨੇ ਮੋਹਾਲੀ, ਚੰਡੀਗੜ੍ਹ ਅਤੇ ਦਿੱਲੀ ਵਿਖੇ ਗੁਰੂ ਗ੍ਰੰਥ ਸਾਹਿਬ ਵਿਦਿਆ ਕੇਂਦਰ ਸਥਾਪਤ ਕੀਤੇ। ਉਨ੍ਹਾਂ ਨੇ ਆਪਣੇ ਗਿਆਨ ਨੂੰ ਸਿੱਖ ਸਮਾਜ ਦੀ ਬਿਹਤਰੀ ਲਈ ਵਰਤਿਆ, ਜਿਸ ਨੂੰ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਡੈਲਟਾ ਅਤੇ ਗਿਆਨੀ ਦਿੱਤ ਸਿੰਘ ਸਹਿਤ ਸਭਾ ਕੈਨੇਡਾ ਗਿਆਨੀ ਗੁਰਦਿੱਤ ਸਿੰਘ ਜੀ ਦੇ ਕੋਤਰਵੇਂ ਜਨਮ ਦਿਨ 'ਤੇ ਸਮਾਗਮ ਉਲੀਕਣ ਲਈ ਵਧਾਈ ਦੇ ਪਾਤਰ ਹਨ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ

- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:

- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)

UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141

#12387-75 Avenue Surrey, BC V3W 2S7
E-mail: contactuniglobal@gmail.com

# ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀ ਸਿੰਘਾਂ ਦੀ ਡਿਬਰੂਗੜ ਜੇਲ੍ਹ 'ਚੋਂ ਰਿਹਾਈ ਲਈ ਮੋਰਚਾ ਲਾਇਆ





ਭਾਈ ਅੰਮ੍ਰਿਤਪਾਲ ਸਿੰਘ ਜੀ ਤੇ ਉਹਨਾਂ ਦੇ ਸਾਥੀ ਸਿੰਘ ਜਿੰਨਾਂ ਨੂੰ ਆਸਾਮ ਸਟੇਟ ਦੀ ਡਿਬਰੂਗੜ ਜੇਲ ਵਿੱਚ ਰੱਖਿਆ ਤੇ ਬੇਵਜਾ ਤਸੱਦਦ ਵੀ ਕੀਤਾ ਗਿਆ ਤੇ ਤੰਗ ਪਰੇਸ਼ਾਨ ਵੀ ਕੀਤਾ ਜਾ ਰਿਹਾ ਜਿਸ ਕਰਕੇ ਭਾਈ ਅੰਮ੍ਰਿਤਪਾਲ ਸਿੰਘ ਜੀ ਦੇ ਸਤਿਕਾਰਯੋਗ ਮਾਤਾ ਜੀ ਪਿਤਾ ਜੀ ਤੇ ਸਾਥੀ ਸਿੰਘਾਂ ਦੇ ਪਰਿਵਾਰਾਂ ਵੱਲੋਂ ਸਰਕਾਰਾਂ ਦੇ ਬੋਲ਼ੇ ਕੰਨਾ ਤੱਕ ਆਵਾਜ਼ ਪਹੁੰਚਾਣ ਤੇ ਸਮੂੰਹ ਗੁਰੂ ਕੇ ਲਾਲਾਂ ਨੂੰ ਡਿਬਰੂਗੜ ਆਸਾਮ ਦੀ ਜੇਲ ਵਿੱਚੋਂ ਪੰਜਾਬ ਦੀ ਜੇਲ ਵਿੱਚ ਤਬਦੀਲ ਕਰਨ ਹਿੱਤ ਭੁੱਖ ਹੜਤਾਲ ਰੱਖਕੇ ਮੋਰਚਾ ਲਾਕੇ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਜੀ ਦੀ ਹੈਰੀਟੇਜ ਸਟ੍ਰੀਟ ਗੁਰਦੁਆਰਾ ਸਾਰਾਗੜੀ ਸ਼ਹੀਦਾਂ ਵਿੱਖੇ ਮਿਤੀ 22 ਫਰਵਰੀ ਵਾਲੇ ਦਿਨ ਤੋਂ ਸ਼ੰਘਰਸ਼ ਆਰੰਭਿਆ ਗਿਆ ਜਿਸ ਵਿੱਚ ਸਗਪਚ ਦੇ ਪਰਧਾਂਨ ਐਡਵੋਕੇਟ ਹਰਜਿੰਦਰ ਸਿੰਘ ਜੀ ਧਾਮੀ ਤੇ ਹੋਰ ਰਾਜਸੀ ਲੀਡਰਾਂ ਨੇ ਹਾਜ਼ਰੀ ਭਰੀ ਉੱਹਥੇ ਮਿਤੀ 28 ਫਰਵਰੀ ਨੂੰ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਤੇ ਸੰਗਤ ਦਾ ਵੀ ਭਾਰੀ ਇਕੱਠ ਸੀ ਜਿਸ ਦੌਰਾਂਨ ਸਿੰਘ ਸਾਹਿਬ ਜੀ ਪੰਜ ਪਾਠ ਚੌਪਈ ਸਾਹਿਬ ਜੀ ਦੇ ਸੰਗਤੀ ਰੂਪ ਵਿੱਚ ਕੀਤੇ ਜਿਸ ਵਿੱਚ ਭਾਈ ਰਣਜੀਤ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟ . ਭਾਈ ਬਲਵਿੰਦਰ ਸਿੰਘ ਗ੍ਰੰਥੀ ਸ੍ਰੀ ਦਰਬਾਰ ਸਾਹਿਬ. ਭਾਈ ਭੁਪਿੰਦਰ ਸਿੰਘ ਜੂਨ 84 ਵਾਲੇ ਤੇ ਹੋਰ ਸ਼ਖਸ਼ੀਅਤਾਂ ਨੇ ਪਾਠ ਕਰਦੇ ਸਮੇਂ ਹਾਜ਼ਰੀ ਭਰੀ ਤੇ ਸਿੰਘ ਸਾਹਿਬ ਜੀ ਨੇ ਡਿਬਰੂਗੜ ਜੇਲ ਤੇ ਬੰਦੀ ਸਿੰਘ ਤੇ ਭਾਰਤ ਦੀਆਂ ਵੱਖ ਵੱਖ ਸਟੇਟਾਂ ਦੀਆਂ. ਤੇ ਵਿਦੇਸ਼ਾਂ ਦੀਆਂ ਜੇਲਾਂ ਅੰਦਰ ਬੰਦ ਗੁਰੂ ਕੇ ਲਾਲ ਜੋ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ ਦੀ ਰਿਹਾਈ ਤੇ ਜੇਲ ਤਬਦੀਲੀ ਤੇ ਖ਼ਾਲਸਾ ਪੰਥ ਦੀ ਚੜਦੀ ਕਲਾ ਵਾਸਤੇ ਅਰਦਾਸ ਕੀਤੀ ਤੇ ਜੈਕਾਰਿਆਂ ਦੀ ਗੂੰਜਾਂ ਚੜਦੀ ਕਲਾ ਦਾ ਪੈਗਾਮ ਦਿੱਤਾ।


ਲਰਨਿੰਗ ਲਾਇਸੈਂਸ

A TO Z DRIVING SCHOOL

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL

Lucky: 604-614-5365

Unit 15 - 8388 128 St., Surrey



## ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

*1 ਮਾਰਚ ਦਿਨ ਸ਼ੁੱਕਰਵਾਰ ਸ. ਜਗਜੀਤ ਸਿੰਘ (ਸ਼ਾਹੀ ਪਰਿਵਾਰ) ਵੱਲੋਂ ਮੇਨ ਹਾਲ ਵਿਚ ਸ੍ਰੀ ਅਖੰਡਪਾਠ ਸਾਹਿਬ ਆਰੰਭ ਹੋਣਗੇ।

*2 ਮਾਰਚ ਦਿਨ ਸ਼ਨਿਚਰਵਾਰ ਬੀਬੀਆਂ ਦੇ ਜਥੇ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ (ਹਾਲ ਨੰਬਰ 2 ਵਿਚ) ਸਵੇਰ 11 ਤੋਂ ਦੁਪਹਿਰ 1 ਵਜੇ ਤੱਕ

*2 ਮਾਰਚ ਦਿਨ ਸ਼ਨਿਚਰਵਾਰ ਸ਼ਾਮ 5.30 ਤੋਂ 8.30 ਵਜੇ ਤੱਕ ਹਫਤਾਵਾਰੀ ਦੀਵਾਨ ਵਿਚ ਹਜੂਰੀ ਜਥਾ ਸੰਤ ਬਾਬਾ ਭਗਵੰਤ ਸਿੰਘ ਜੀ ਅਤੇ ਬਾਬਾ ਜਗਜੀਤ ਸਿੰਘ (ਖਾਰੇ ਵਾਲੇ) ਦੀਵਾਨ ਸਜਾਉਣਗੇ।

*3 ਮਾਰਚ ਦਿਨ ਐਤਵਾਰ ਸਵੇਰ ਅਖੰਡਪਾਠ ਸਾਹਿਬ ਦੇ ਭੋਗ ਉਪਰੰਤ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਉਪਰੰਤ 10 ਵਜੇ ਤੋਂ 1 ਵਜੇ ਤੱਕ ਹਫਤਾਵਾਰੀ ਦੀਵਾਨ ਸਜਣਗੇ।ਬਾਬਾ ਭਗਵੰਤ ਸਿੰਘ ਅਤੇ ਬਾਬਾ ਜਗਜੀਤ ਸਿੰਘ ਜੀ ਦੀਵਾਨ ਸਜਾਉਣੇ।

ਨੋਟ:ਹਰ ਸ਼ਨਿਚਰਵਾਰ ਰਾਤ ਅਤੇ ਐਤਵਾਰ ਨੂੰ ਦਿਨ ਦੇ ਦੀਵਾਨ ਸਜਦੇ ਹਨ।

ਵਿਸ਼ੇਸ਼ ਨੋਟ:ਸ਼ਾਮ 6.45 ਤੋਂ 7.45 ਤੱਕ ਰੋਜ਼ਾਨਾ ਜਪੁਜੀ ਸਾਹਿਬ ਦੀ ਲੜੀਵਾਰ ਕਥਾ ਚੱਲ ਰਹੀ ਹੈ ਜੀ।

**ਰਾਗੀ ਜੱਥੇ**
ਭਾਈ ਰਣਜੀਤ ਸਿੰਘ ਜੀ ਲੁਧਿਆਣੇ ਵਾਲੇ
ਬਾਬਾ ਭਗਵੰਤ ਸਿੰਘ ਰਾੜਾ ਸਾਹਿਬ ਸੰਪਰਦਾ ਵਾਲੇ


**ਕਥਾਵਾਚਕ**
(ਜਪੁਜੀ ਸਾਹਿਬ ਦੀ ਲੜੀਵਾਰ ਕਥਾ)
ਬਾਬਾ ਜਗਜੀਤ ਸਿੰਘ ਜੀ (ਖਾਰੇ ਵਾਲੇ)
ਸੇਵਕ ਜੱਥਾ ਮਸਤੂਆਣਾ ਸਾਹਿਬ

**ਤਬਲਾ ਸਿੱਖਣ ਲਈ ਸੰਪਰਕ ਕਰੋ:**
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# (ਮੁੱਖ ਪੰਨੇ ਦੀ ਬਾਕੀ)

ਮੰਤਰੀ ਦਾ ਧਿਆਨ ਦਿਵਾਇਆ ਕਿ ਕੈਨੇਡਾ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਨਿੰਦਾ ਕਰਨ ਅਤੇ ਚੀਨ, ਸਾਊਦੀ ਅਰਬ ਅਤੇ ਹੋਰ ਥਾਵਾਂ 'ਤੇ ਵਿਰੋਧ ਪ੍ਰਦਰਸ਼ਨ ਦੇ ਅਧਿਕਾਰ ਨੂੰ ਉਤਸ਼ਾਹਿਤ ਕਰਨ ਵਿੱਚ ਭੂਮਿਕਾ ਦਾ ਦਾਅਵਾ ਕੀਤਾ ਹੈ। ਇਸੇ ਤਰ੍ਹਾਂ ਕੈਨੇਡਾ ਨੂੰ ਹਿੰਦੁਸਤਾਨ ਨਾਲ ਵੀ ਆਪਣੀਆਂ ਚਿੰਤਾਵਾਂ ਪ੍ਰਗਟਾਉਣ ਲਈ ਇਹ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

ਸਰਕਾਰੀ ਅਧਿਕਾਰੀਆਂ ਦੁਆਰਾ ਹਿੰਸਕ ਜ਼ੈਨੋਫੋਬਿਕ ਬਿਆਨਬਾਜ਼ੀ ਦਾ ਉਭਾਰ ਅਤੇ ਸਿੱਖਾਂ, ਮੁਸਲਮਾਨਾਂ ਅਤੇ ਹੋਰ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਵਾਲੀ ਭੀੜ ਦੀ ਹਿੰਸਾ ਦਿਨ-ਬ-ਦਿਨ ਵਧਦੀ ਜਾ ਰਹੀ ਹੈ, ਜਿਸ ਨਾਲ ਉਪ-ਮਹਾਂਦੀਪ ਵਿੱਚ ਨਵੀਂ ਨਸਲਕੁਸ਼ੀ ਹਿੰਸਾ ਦੀਆਂ ਅਸਲ ਸੰਭਾਵਨਾਵਾਂ ਬਾਰੇ ਬਹੁਤ ਸਾਰੇ ਮਾਹਰਾਂ ਵਿੱਚ ਚਿੰਤਾ ਵਧ ਰਹੀ ਹੈ। ਕੈਨੇਡਾ ਵਿੱਚ ਹਿੰਦੁਸਤਾਨੀ ਏਜੰਟਾਂ ਦੁਆਰਾ ਭਾਈ ਹਰਦੀਪ ਸਿੰਘ ਨਿੱਝਰ ਦਾ ਹਾਲ ਹੀ ਵਿੱਚ ਕੀਤਾ ਗਿਆ ਕਤਲ ਇਹ ਦਰਸਾਉਂਦਾ ਹੈ ਕਿ ਨਿਰੰਤਰ ਸਜ਼ਾ ਅਤੇ ਜਵਾਬਦੇਹੀ ਦੀ ਘਾਟ ਹੀ ਹਿੰਦੁਸਤਾਨੀ ਸ਼ਾਸਨ ਨੂੰ ਘੱਟ ਗਿਣਤੀਆਂ ਅਤੇ ਰਾਜਨੀਤਿਕ ਅਸੰਤੁਸ਼ਟਾਂ ਦੇ ਹਿੰਸਕ ਦਮਨ ਵਿੱਚ ਉਤਸ਼ਾਹਤ ਕਰਦੀ ਹੈ।ਹਾਲਾਂਕਿ ਕਿਸੇ ਵਿਦੇਸ਼ੀ ਦੇਸ਼ ਦੇ ਅੰਦਰੂਨੀ ਨੀਤੀ ਦੇ ਮਾਮਲੇ ਗੈਰ-ਦਖਲਅੰਦਾਜ਼ੀ ਦੇ ਸਿਧਾਂਤਾਂ ਦੇ ਅਧੀਨ ਹੁੰਦੇ ਹਨ, ਇਹ ਮਹੱਤਵਪੂਰਨ ਹੈ ਕਿ ਕੈਨੇਡਾ ਹਿੰਦੁਸਤਾਨ ਦੀਆਂ ਹਿੰਸਕ ਕਾਰਵਾਈਆਂ ਦੀ ਨਿੰਦਾ ਕਰਦਾ ਹੈ ਅਤੇ ਹਿੰਦੁਸਤਾਨ ਵਿੱਚ ਅਸਹਿਮਤੀ ਦੇ ਅਧਿਕਾਰ ਦਾ ਸਮਰਥਨ ਕਰਦਾ ਹੈ ਜਿਵੇਂ ਕਿ ਇਹ ਦੁਨੀਆ ਭਰ ਵਿੱਚ ਕਰਦਾ ਹੈ।

ਕੈਨੇਡਾ ਅਜਿਹੇ ਅੰਤਰਰਾਸ਼ਟਰੀ ਭਾਈਵਾਲ ਨਾਲ ਕੰਮ ਕਰਨਾ ਜਾਰੀ ਨਹੀਂ ਰੱਖ ਸਕਦਾ ਜੋ ਨਸਲਕੁਸ਼ੀ ਹਿੰਸਾ ਰਾਹੀਂ ਮਨੁੱਖੀ ਅਧਿਕਾਰਾਂ ਨੂੰ ਲਗਾਤਾਰ ਲਤਾੜਦਾ ਹੈ ਅਤੇ ਮੁਢਲੀ ਨਾਗਰਿਕ ਸੁਤੰਤਰਤਾ ਨੂੰ ਦੰਡ ਦੇ ਕੇ ਦਬਾਉਦਾ ਹੈ। ਦੁਨੀਆ ਭਰ ਦੇ ਸਿੱਖ ਇਸ ਨੂੰ ਨੇੜਿਓਂ ਦੇਖ ਰਹੇ ਹਨ ਕਿਉਂਕਿ ਹਿੰਦੁਸਤਾਨੀ ਰਾਜ ਸਿੱਖ ਪ੍ਰਦਰਸ਼ਨਕਾਰੀਆਂ ਨੂੰ ਭੰਡਦੇ ਹੋਏ ਆਪਣੀ ਬਿਆਨਬਾਜ਼ੀ ਨੂੰ ਵਧਾ ਰਿਹਾ ਹੈ। ਇਤਿਹਾਸਕ ਤੌਰ 'ਤੇ, ਇਹ ਪੈਟਰਨ ਸਮੂਹਿਕ ਗ੍ਰਿਫਤਾਰੀਆਂ, ਵਿਆਪਕ ਨਸਲਕੁਸ਼ੀ ਹਿੰਸਾ, ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਜਾਇਜ਼ ਬਣਾਉਣ ਤੋਂ ਪਹਿਲਾਂ ਹੈ।

ਇਸ ਲਈ ਕੈਨੇਡਾ ਭਰ ਦੇ ਸਿੱਖ ਤੁਹਾਨੂੰ ਇਸ ਮਸਲੇ ਨੂੰ ਤੁਰੰਤ ਹਾਈ ਕਮਿਸ਼ਨ ਕੋਲ ਉਠਾਉਣ ਦੀ ਅਪੀਲ ਕਰ ਰਹੇ ਹਨ ਕਿ ਕੈਨੇਡਾ ਵਿੱਚ ਹਿੰਦੁਸਤਾਨ -ਨਾਲ ਹੀ ਨਵੀਂ ਦਿੱਲੀ ਵਿੱਚ ਤੁਹਾਡੇ ਹਮਰੁਤਬਾ-ਇਹ ਯਕੀਨੀ ਬਣਾਉਣ ਕਿ ਨਾਗਰਿਕ ਆਜ਼ਾਦੀਆਂ ਅਤੇ ਬੁਨਿਆਦੀ ਮਨੁੱਖੀ ਅਧਿਕਾਰ ਸੁਰੱਖਿਅਤ ਹਨ।



BRITISH COLUMBIA GURDWARAS COUNCIL

9 Faggan, Nanakshahi 555 / February 21, 2024 CE

Honourable Minister Mélanie Joly
Minister of Foreign Affairs
House of Commons
Ottawa, Ontario
K1A 0A6

melanie.joly@international.gc.ca

Dear Honourable Minister Joly:

**RE: Canada must condemn India's violent crackdown against farmer activists**

We are writing to raise concerns regarding paramilitary troop mobilization at the Punjab-India borders and the repression of farmer activists in recent days. We urge you to immediately raise this with the High Commission of India in Canada to ensure that civil liberties and fundamental human rights are protected. Communities across Canada are concerned about the possible escalation of violence, as well as the draconian measures being implemented to repress the freedom of expression and democratic assembly.

Since February 13, 2024, farmer activists from across the Indian subcontinent have been protesting against the government's lack of action on numerous policy issues to ensure the livelihood of farmers. Despite written commitments to do so in 2021, the government has since failed to take any concrete action in this regard. Instead, the Government of India has responded with a marked escalation in its repression of political dissent–deploying drones, tear gas, rubber pellets, live ammunition, incendiary devices, and other weaponry against unarmed demonstrators. One 21-year old activist was murdered by police today while hundreds have been seriously injured over the past week.

Canada has claimed a role in condemning human rights violations and promoting the right to protest in places like China, Saudi Arabia and elsewhere. Canada must fulfill this responsibility to express its concerns with India as well. The rise of violent xenophobic rhetoric by government officials and unchecked mob violence targeting Sikhs, Muslims, and other minorities continues to increase day by day, raising alarm amongst numerous experts about the real possibilities of renewed genocidal violence in the subcontinent.

The recent murder of Bhai Hardeep Singh Nijjar by Indian agents in Canada demonstrates that continued impunity and a lack of accountability only serves to embolden the Indian regime in its violent repression of minorities and political dissidents.

While internal policy matters of a foreign country are subject to principles of non-interference, it is pivotal that Canada condemns India's violent actions and supports the right to dissent in India as it does around the world. Canada cannot continue to work with an international partner that constantly tramples human rights through genocidal violence and repressing basic civil liberties with impunity. Sikhs all over the globe are watching closely as the Indian state is amping up its rhetoric while demonizing Sikh demonstrators. Historically, this pattern has preceded the legitimization of mass arrests, widespread genocidal violence, and human rights abuses.

Sikhs across Canada are urging you to immediately raise this with the High Commission of India in Canada–as well as your counterparts in New Delhi–to ensure that civil liberties and fundamental human rights are protected. Sikhs across Canada are concerned about the possible escalation of violence and call for the draconian measures implemented to repress democratic assembly to be lifted with immediate effect.

Sincerely,

Moninder Singh — Amarjit Singh Mann

*The **British Columbia Gurdwaras Council (BCGC)** and **Ontario Gurdwaras Committee (OGC)** are independent, non-partisan, non-profit organizations which collectively represent over thirty of the largest Sikh institutions across the country. Both organizations were established to facilitate dialogue and consensus-building within the community on key policy issues in order to collectively advocate for the political concerns of Sikhs in Canada, as well as upholding human rights and civil liberties in Canada's engagement with its international partners.*

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application

Call : 778-869-1097
By Appointment Only
#202-12677-80AVE SURREY

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

Harmanpreet Kaur
Punjabi Singer
ਵਿਆਹ ਸ਼ਾਦੀ, ਲੇਡੀਜ਼ ਸੰਗੀਤ ਜਾਗੋ, ਮਾਈਆਂ, ਘੋੜੀਆਂ, ਸੁਹਾਗ, ਪੰਜਾਬੀ ਮੇਲਾ, ਸ਼ੋਅ ਆਦਿ ਦੀ ਬੁਕਿੰਗ ਲਈ ਸੰਪਰਕ ਕਰੋ

Winner of Awaaz Punjabi
Voice of Punjab
India Got Talent
BEST IN PUNJAB FOLK SONGS
Ph:236-881-1276
Email:meriawaaz.music@gmail.com
YouTube harmanpreetofficial

# ਕੈਨੇਡਾ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਵਰਕ ਪਰਮਿਟ ਦੇ ਨਿਯਮਾਂ 'ਚ ਬਦਲਾਅ

ਕੈਨੇਡਾ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਆਪਣੇ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਨਿਯਮਾਂ ਨੂੰ ਬਦਲ ਦਿੱਤਾ ਹੈ। ਜਿਹੜੇ ਵਿਦਿਆਰਥੀ ਦੋ ਸਾਲਾਂ ਤੋਂ ਘੱਟ ਸਮੇਂ ਵਿੱਚ ਮਾਸਟਰ ਡਿਗਰੀ ਪ੍ਰੋਗਰਾਮ ਨੂੰ ਪੂਰਾ ਕਰ ਚੁੱਕੇ ਹਨ, ਉਹ ਹੁਣ 3-ਸਾਲ ਦੇ ਫਘਾਂਫ ਲਈ ਯੋਗ ਹੋਣਗੇ ਬਸ਼ਰਤੇ ਉਹ ਹੋਰ ਸਾਰੇ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਦੇ ਹੋਣ।

ਹਾਲਾਂਕਿ, 1 ਸਤੰਬਰ 2024 ਤੋਂ, ਕੋਰਸ ਲਾਇਸੈਂਸਿੰਗ ਐਗਰੀਮੈਂਟ ਪ੍ਰੋਗਰਾਮਾਂ ਵਿੱਚ ਦਾਖਲ ਹੋਏ ਵਿਦਿਆਰਥੀ ਹੁਣ ਫਘਾਂਫ ਲਈ ਯੋਗ ਨਹੀਂ ਹੋਣਗੇ। ਇਸ ਤੋਂ ਇਲਾਵਾ, ਦੂਰੀ ਸਿੱਖਿਆ (ਧਿਸਟਓਨਚਏ ਓਦੁਚਓਟਿਨ) ਅਤੇ ਫਘਾਂਫ ਵੈਧਤਾ ਲਈ ਵਿਸ਼ੇਸ਼ ਉਪਾਅ 31 ਅਗਸਤ 2024 ਤੱਕ ਵਧਾ ਦਿੱਤੇ ਗਏ ਹਨ।

ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਇੱਕ ਓਪਨ ਵਰਕ ਪਰਮਿਟ ਹੈ ਜੋ ਵਿਦੇਸ਼ੀ ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਦਿੱਤਾ ਜਾਂਦਾ ਹੈ। ਜਿਨ੍ਹਾਂ ਕੋਲ PGWP ਹੈ, ਉਹ ਕੈਨੇਡਾ ਵਿੱਚ ਕਿਤੇ ਵੀ, ਕਿਸੇ ਵੀ ਰੁਜ਼ਗਾਰਦਾਤਾ ਲਈ ਜਿੰਨੇ ਵੀ ਘੰਟੇ ਚਾਹੁਣ, ਕੰਮ ਕਰਨ ਲਈ ਸੁਤੰਤਰ ਹਨ। ਤੁਹਾਡੇ ਫਘਾਂਫ ਦੀ ਸੀਮਾ ਤੁਹਾਡੇ ਅਧਿਐਨ ਪ੍ਰੋਗਰਾਮ ਦੇ ਪੱਧਰ ਅਤੇ ਮਿਆਦ ਦੇ ਨਾਲ-ਨਾਲ ਤੁਹਾਡੇ ਪਾਸਪੋਰਟ ਦੀ ਮਿਆਦ ਪੁੱਗਣ ਦੀ ਮਿਤੀ 'ਤੇ ਨਿਰਭਰ ਕਰਦੀ ਹੈ, ਜੋ ਵੀ ਪਹਿਲਾਂ ਆਵੇ।



ਜੇਕਰ ਤੁਸੀਂ ਕਿਸੇ ਮਨੋਨੀਤ ਲਰਨਿੰਗ ਇੰਸਟੀਚਿਊਸ਼ਨ ਤੋਂ ਗ੍ਰੈਜੂਏਟ ਹੋਏ ਹੋ ਅਤੇ ਕੰਮ ਕਰਨ ਲਈ ਅਸਥਾਈ ਤੌਰ 'ਤੇ ਕੈਨੇਡਾ ਵਿੱਚ ਰਹਿਣਾ ਚਾਹੁੰਦੇ ਹੋ, ਤਾਂ ਤੁਸੀਂ PGWP ਲਈ ਯੋਗ ਹੋ ਸਕਦੇ ਹੋ। DLI ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਮੇਜ਼ਬਾਨੀ ਕਰਨ ਲਈ ਕੈਨੇਡਾ ਵਿੱਚ ਇੱਕ ਸੂਬਾਈ ਜਾਂ ਖੇਤਰੀ ਸਰਕਾਰ ਦੁਆਰਾ ਪ੍ਰਵਾਨਿਤ ਸਕੂਲ ਹੈ।

PGWP ਯੋਗ ਮਨੋਨੀਤ ਵਿਦਿਅਕ ਸੰਸਥਾਵਾਂ ਵਿੱਚ ਘੱਟੋ-ਘੱਟ ਦੋ ਸਾਲਾਂ ਦੀ ਮਿਆਦ ਦੇ ਪ੍ਰੋਗਰਾਮਾਂ ਦੇ ਗ੍ਰੈਜੂਏਟ 3-ਸਾਲ PGWP ਲਈ ਯੋਗ ਹਨ, ਨਾਲ ਹੀ 2 ਸਾਲ ਤੋਂ ਘੱਟ ਮਿਆਦ ਦੇ ਮਾਸਟਰ ਡਿਗਰੀ ਪ੍ਰੋਗਰਾਮਾਂ ਦੇ ਗ੍ਰੈਜੂਏਟ।

ਮਾਸਟਰ ਡਿਗਰੀ ਪ੍ਰੋਗਰਾਮ ਲਈ

- ਜੇਕਰ ਤੁਹਾਡਾ ਪ੍ਰੋਗਰਾਮ 8 ਮਹੀਨਿਆਂ ਤੋਂ ਘੱਟ ਸੀ (ਜਾਂ ਕਿਊਬਿਕ ਪ੍ਰਮਾਣ ਪੱਤਰਾਂ ਲਈ 900 ਘੰਟੇ) ਤਾਂ ਤੁਸੀਂ PGWP ਲਈ ਯੋਗ ਨਹੀਂ ਹੋ।
- ਜੇਕਰ ਤੁਹਾਡਾ ਪ੍ਰੋਗਰਾਮ ਘੱਟੋ-ਘੱਟ 8 ਮਹੀਨਿਆਂ ਦਾ ਸੀ (ਜਾਂ ਕਿਊਬਿਕ ਪ੍ਰਮਾਣ ਪੱਤਰਾਂ ਲਈ 900 ਘੰਟੇ), ਤਾਂ ਤੁਸੀਂ 3-ਸਾਲ ਦੇ PGWP ਲਈ ਅਰਜ਼ੀ ਦੇ ਸਕਦੇ ਹੋ ਭਾਵੇਂ ਤੁਹਾਡੀ ਮਾਸਟਰ ਡਿਗਰੀ ਦੀ ਮਿਆਦ 2 ਸਾਲ ਤੋਂ ਘੱਟ ਹੋਵੇ, ਬਸ਼ਰਤੇ ਤੁਹਾਨੂੰ ਹੋਰ ਸਾਰੀਆਂ ਮਾਪਦੰਡ ਯੋਗਤਾਵਾਂ ਪੂਰੀਆਂ ਕਰਨੀਆਂ ਪੈਣ।
- ਇਹ ਸਰਟੀਫਿਕੇਟ ਜਾਂ ਡਿਪਲੋਮਾ ਪ੍ਰੋਗਰਾਮਾਂ 'ਤੇ ਲਾਗੂ ਨਹੀਂ ਹੁੰਦਾ।


ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases

"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਊਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com



GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ

Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750



TMG LOGISTICS INC.
Need Owner Operators
NOW HIRING
*Vancouver to California *California to Alberta Back Vancouver
*Vancouver to East USA Return
Good Paying Loads

Need Company Drivers
Single Driver Pay 52cents/mile
Team Drivers 32 cents/mile
FOR MORE INFORMATION CALL AT:
(604) 598-3680 Fax: 604-596-3681 Cell: 778-838-3680
#121-13140-80Ave Surrey, BC V3W 3B2

# ਦੇਸ਼ ਦਾ ਵਡਮੁੱਲਾ ਧਨ, ਪਸ਼ੂ, ਪੰਛੀ ਅਤੇ ਵਣ

ਮਾਂ ਦੀ ਗੋਦੀ ਵਾਂਗੂੰ ਜਾਪੇ,
ਰੁੱਖਾਂ ਦੀ ਠੰਢੀ ਮਿੱਠੀ ਛਾਂ ।
ਪੰਛੀ ਆ ਜਦ ਗਾਣੇ ਗਾਉਂਦੇ,
ਮਿੱਠੇ ਮਿੱਠੇ ਰਾਗ ਸੁਣਾਉਂਦੇ ।
ਠੰਢੀਆਂ ਪੌਣਾਂ ਤਾਨਾਂ ਛੇੜਨ,
ਜੰਗਲ ਬੇਲੇ ਸ਼ਹਿਰ ਗਿਰਾਂ ।
ਰੁੱਖਾਂ ਤੋਂ ਮੈਂ ਵਾਰੀ ਜਾਵਾਂ,
ਪੰਛੀਆਂ ਤੋਂ ਬਲਿਹਾਰੇ ਜਾਵਾਂ ।

ਅਸੀਂ ਸਭ ਜਾਣਦੇ ਹਾਂ ਕਿ ਰੁੱਖ, ਪੰਛੀ, ਪਸ਼ੂ ਤੇ ਜੰਗਲ ਬੇਲੇ ਸਾਡਾ ਬਹੁਤ ਵੱਡਾ ਸਰਮਾਇਆ ਹਨ। ਅਸੀਂ ਇਹ ਵੀ ਜਾਣਦੇ ਹਾਂ ਕਿ ਸਾਡੇ ਜੀਵਨ ਦੀ ਡੋਰ ਇਨ੍ਹਾਂ ਰੁੱਖਾਂ ਦੇ ਹੱਥ ਹੈ, ਜਦ ਵੀ ਇਹ ਡੋਰ ਕੱਟੀ ਗਈ ਤਾਂ ਸਾਡੀ ਹੋਂਦ ਹੀ ਖ਼ਤਮ ਹੋ ਜਾਵੇਗੀ। ਰੁੱਖ ਜਿੱਥੇ ਪੰਛੀਆਂ ਦਾ ਰੈਣ ਬਸੇਰਾ ਹਨ ਉੱਥੇ ਪਸ਼ੂਆਂ ਦੇ ਸਿਰ ਦੀ ਛੱਤ ਤੇ ਸਾਡੇ ਜੀਵਨ ਦਾ ਆਧਾਰ ਹਨ। ਇਹ ਆਪਣੇ ਤੇ ਗਰਮੀ ਸਰਦੀ ਤੂਫਾਨ ਤੇ ਮਨੁੱਖੀ ਜ਼ੁਲਮ ਝੱਲ ਕੇ ਵੀ ਸਾਨੂੰ ਕੁੱਲੀ ਗੁੱਲੀ ਅਤੇ ਜੁੱਲੀ ਆਦਿ ਦੇਂਦੇ ਹਨ। ਫਲ, ਅੰਨ, ਖੰਡ, ਘਿਉ, ਸਬਜ਼ੀਆਂ ਆਦਿ ਸਭ ਕੁਝ ਇਨ੍ਹਾਂ ਦੀ ਬਦੌਲਤ ਹੀ ਹਨ। ਕਿਉਂਕਿ ਭੇਡਾਂ, ਬੱਕਰੀਆਂ ਤੇ ਬਾਕੀ ਪਸ਼ੂ ਇਨ੍ਹਾਂ ਨੂੰ ਖਾ ਕੇ ਹੀ ਸਾਨੂੰ ਦੁੱਧ ਦਿੰਦੇ ਹਨ। ਰੁੱਖਾਂ ਤੋਂ ਹੀ ਪੈਦਾ ਹੋਇਆ ਰੇਸ਼ਮ ਦਾ ਕੀੜਾ ਸਾਨੂੰ ਕੀਮਤੀ ਕੱਪੜਾ ਦਿੰਦਾ ਹੈ। ਇਹ ਹੀ ਸਾਨੂੰ ਘਰ ਦੀ ਸ਼ਾਨ ਫਰਨੀਚਰ ਦਵਾਈਆਂ ਤੇ ਸਭ ਤੋਂ ਵਡਮੁੱਲੀ ਚੀਜ਼ ਆਕਸੀਜਨ ਦਿੰਦੇ ਹਨ ਜਿਸ ਤੋਂ ਬਿਨਾਂ ਅਸੀਂ ਇਕ ਪਲ ਵੀ ਜ਼ਿੰਦਾ ਨਹੀਂ ਰਹਿ ਸਕਦੇ ।

ਜਿਸ ਪਾਸੇ ਵੀ ਨਜ਼ਰ ਮਾਰੀਏ ਸਾਨੂੰ ਹਰੇਕ ਚੀਜ਼ ਵਿੱਚ ਰੁੱਖਾਂ ਦਾ ਹੀ ਯੋਗਦਾਨ ਨਜ਼ਰ ਆਵੇਗਾ। ਇਨ੍ਹਾਂ ਨਾਲ ਹੀ ਸਾਡਾ ਵਾਤਾਵਰਣ ਹਰਿਆ ਭਰਿਆ ਨਜ਼ਰ ਆਉਂਦਾ ਹੈ ਤੇ ਸਾਡੇ ਪਰਬਤ, ਪਹਾੜ ਤੇ ਜੰਗਲ ਮਾਨੋ ਸਵਰਗ ਜਿਹਾ ਨਜ਼ਾਰਾ ਪੇਸ਼ ਕਰਦੇ ਹਨ ਤੇ ਇਨ੍ਹਾਂ ਕਰਕੇ ਹੀ ਸਾਡੇ ਪੰਛੀ ਹਨ ਜੋ ਇਨ੍ਹਾਂ ਦੀ ਗੋਦ ਵਿੱਚ ਖੇਡ ਕੇ ਇਨ੍ਹਾਂ ਰੁੱਖਾਂ ਨੂੰ ਵਡਭਾਗਾ ਬਣਾਉਂਦੇ ਤੇ ਮਿੱਠੇ ਫਲ ਖਾ ਕੇ ਮਿੱਠੀਆਂ ਆਵਾਜ਼ਾਂ ਵਿੱਚ ਗਾ ਕੇ ਆਲੇ-ਦੁਆਲੇ ਨੂੰ ਸਰਸ਼ਾਰ ਕਰਦੇ ਹਨ ਤੇ ਜੰਗਲ ਵਿੱਚ ਮੰਗਲ ਬਣਾ ਦਿੰਦੇ ਹਨ ।

ਸਾਡਾ ਆਲਾ-ਦੁਆਲਾ ਭਾਵ ਵਾਤਾਵਰਨ ਤੇ ਮਨੁੱਖ ਇਕੋ ਸਿੱਕੇ ਦੇ ਦੋ ਪਹਿਲੂ ਹਨ। ਜੇ ਆਲੇ-ਦੁਆਲੇ ਦਾ ਅਸਰ ਮਨੁੱਖ ਤੇ ਪੈਂਦਾ ਹੈ ਤਾਂ ਮਨੁੱਖ ਦਾ ਅਸਰ ਵੀ ਆਲਾ-ਦੁਆਲਾ ਜ਼ਰੂਰ ਕਬੂਲਦਾ ਹੈ। ਜਿੱਥੇ ਹਰਿਆ ਭਰਿਆ ਸ਼ੁੱਧ ਤੇ ਤਾਜ਼ਾ ਵਾਤਾਵਰਨ ਮਨੁੱਖ ਨੂੰ ਸਰੀਰਕ ਅਤੇ ਮਾਨਸਿਕ ਤੌਰ ਤੇ ਤਰੋਤਾਜ਼ਾ ਕਰਦਾ ਹੈ, ਖੁਸ਼ੀ, ਤੰਦਰੁਸਤੀ ਤੇ ਉਤਸ਼ਾਹ ਦਿੰਦਾ ਹੈ। ਉਸਾਰੂ ਸੋਚ ਤੇ ਸ਼ਕਤੀ ਵਾਲਾ ਮਨੁੱਖ ਆਲੇ-ਦੁਆਲੇ ਦੇ ਨਕਾਰਾਤਮਕ ਪਹਿਲੂਆਂ ਨੂੰ ਵੀ ਬਦਲ ਕੇ ਸਕਾਰਾਤਮਕ ਰੂਪ ਦੇਣ ਦੀ ਸ਼ਕਤੀ ਵੀ ਰੱਖਦਾ ਹੈ। ਇਹ ਮਨੁੱਖ ਦੀ ਸ਼ਕਤੀ ਦਾ ਹੀ ਕਮਾਲ ਹੈ ਕਿ ਇਸ ਨੇ ਕੁਦਰਤ ਵੱਲੋਂ ਦਿੱਤੀਆਂ ਅਣਮੁੱਲੀਆਂ ਦਾਤਾਂ ਨੂੰ ਵਰਤ ਕੇ ਅਸਮਾਨ ਛੂੰਹਦੀਆਂ ਇਮਾਰਤਾਂ ਬਣਾਈ ਬੈਠਾ ਹੈ ਤੇ ਚੰਨ ਤੇ ਵੀ ਪਹੁੰਚ ਗਿਆ ਹੈ ।

ਪਰ ਅਫ਼ਸੋਸ! ਕਿ ਮਨੁੱਖ ਪਦਾਰਥਕ ਚੀਜ਼ਾਂ ਦੇ ਮੋਹ ਵਿਚ ਫਸਕੇ ਐਨਾ ਸਵਾਰਥੀ ਬਣ ਗਿਆ ਹੈ ਕਿ ਆਪਣੀਆਂ ਹੀ ਜੜ੍ਹਾਂ ਵੱਢਣ ਤੁਰ ਪਿਆ ਹੈ। ਕੁਦਰਤ ਨਾਲ ਆਹਢਾ ਲਾ ਕੇ ਧੜਾ ਧੜ ਰੁੱਖ ਕੱਟ ਰਿਹਾ ਹੈ, ਤੇਜ਼ੀ ਨਾਲ ਹਵਾ, ਪਾਣੀ, ਮਿੱਟੀ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ।

ਇਹ ਭ੍ਰਿਸ਼ਟਾਚਾਰ ਤੇ ਲਾਲਚ ਦੀ ਗੰਦੀ ਹਵਾ ਨਾਲ ਇਸ ਕਦਰ ਭਰ ਗਿਆ ਹੈ ਕਿ ਕਦੇ ਪੰਜਾਂ ਪਾਣੀਆਂ ਦੀ ਸਹੁੰ ਖਾਣ ਵਾਲਾ ਮਨੁੱਖ ਹੀ ਅੱਜ ਪੰਜ ਪਾਣੀਆਂ ਨੂੰ ਗੰਧਲਾ ਕਰ ਰਿਹਾ ਹੈ ਤੇ ਮਹਿਕਦੀਆਂ ਠੰਢੀਆਂ ਹਵਾਵਾਂ ਜ਼ਹਿਰੀਲੀਆਂ ਹੋ ਕੇ ਸਾਹਾਂ ਦੀਆਂ ਰਾਹਾਂ ਬੰਦ ਕਰ ਰਹੀਆਂ ਹਨ ਅਤੇ ਜਿਸ ਮਿੱਟੀ ਨੂੰ ਅਸੀਂ ਚੁੰਮ ਕੇ ਮੱਥੇ ਤੇ ਲਾਉਂਦੇ ਸੀ ਅੱਜ ਕੀੜੇਮਾਰ ਦਵਾਈਆਂ ਤੇ ਖਾਦਾਂ ਖਾ-ਖਾ ਕੇ ਮੱਥੇ ਦਾ ਕਲੰਕ ਬਣ ਗਈ ਹੈ ।

ਮਨੁੱਖ ਨੇ ਹਵਾ ਨੂੰ ਫੈਕਟਰੀਆਂ ਦੇ ਧੂੰਏ, ਪੈਟਰੋਲ ਤੇ ਡੀਜ਼ਲ ਗੱਡੀਆਂ ਤੇ ਲੱਕੜੀ ਦੇ ਬਲਣ ਤੋਂ ਪੈਦਾ ਹੋਏ ਧੂੰਏ ਅਤੇ ਪਰਮਾਣੂ ਵਿਸਫੋਟਾਂ ਦੇ ਤਜਰਬਿਆਂ ਦੀਆਂ ਜ਼ਹਿਰੀਲੀਆਂ ਗੈਸਾਂ ਨਾਲ ਭਰ ਕੇ ਪ੍ਰਦੂਸ਼ਿਤ ਕੀਤਾ ਹੈ ਜਿਸ ਦਾ ਮਾਰੂ ਅਸਰ ਅਸੀਂ ਦਮਾ, ਖਾਂਸੀ, ਕੈਂਸਰ ਤੇ ਹੋਰ ਭਿਆਨਕ ਬੀਮਾਰੀਆਂ ਦੇ ਰੂਪ ਵਿੱਚ ਵੇਖ ਰਹੇ ਹਾਂ ।

ਮਨੁੱਖ ਨੇ ਗੁਰੂਆਂ ਦੀਆਂ ਸਿੱਖਿਆਵਾਂ ਦੇ ਉਲਟ ਜਾ ਕੇ ਮਿੱਟੀ, ਪਾਣੀ ਤੇ ਹਵਾ ਸਭ ਨੂੰ ਪ੍ਰਦੂਸ਼ਿਤ ਕਰ ਦਿੱਤਾ ਹੈ ਤੇ ਸਾਡੇ ਸਮੁੱਚੇ ਜੀਵਨ ਦਾ ਆਧਾਰ ਪਾਣੀ ਵੀ ਜ਼ਹਿਰੀਲਾ ਹੋ ਚੁੱਕਾ ਹੈ। ਉਦਯੋਗਾਂ ਦਾ ਰਸਾਇਣਾਂ ਨਾਲ ਘੁਲਿਆ ਤੇ ਜ਼ਹਿਰੀਲਾ ਪਾਣੀ, ਸ਼ਹਿਰਾਂ ਦੇ ਸੀਵਰੇਜ ਦਾ ਗੰਦਾ ਪਾਣੀ, ਨਦੀਆਂ ਨਾਲਿਆਂ ਤੇ ਝੀਲਾਂ ਵਿੱਚ ਸੁੱਟਿਆ ਜਾ ਰਿਹਾ ਹੈ ਜੋ ਅੰਤ ਵਿੱਚ ਸਮੁੰਦਰ ਵਿਚ ਜਾ ਮਿਲਦਾ ਹੈ ਤੇ ਇਸ ਵਿਚ ਵੰਨ ਸੁਵੰਨੀਆਂ ਜ਼ਹਿਰਾਂ ਘੁਲੀਆਂ ਹੁੰਦੀਆਂ ਹਨ ਜੋ ਸਮੁੰਦਰ ਨੂੰ ਵੀ ਜ਼ਹਿਰੀ ਬਣਾ ਦਿੰਦੀਆਂ ਹਨ ਜਿਸ ਨਾਲ ਸਮੁੰਦਰੀ ਜੀਵ ਮਰ ਰਹੇ ਹਨ। ਖੇਤਾਂ ਵਿੱਚ ਪਾਈਆਂ ਜਾਂਦੀਆਂ ਖਾਦਾਂ ਤੇ ਦਵਾਈਆਂ ਦਾ ਛਿੜਕਾਅ ਧਰਤੀ ਹੇਠਲੇ ਪਾਣੀ ਵਿੱਚ ਘੁਲ ਰਿਹਾ ਹੈ ।

ਪਾਣੀ ਤੋਂ ਬਿਨਾਂ ਮਿੱਟੀ ਵੀ ਪ੍ਰਦੂਸ਼ਣ ਤੋਂ ਨਹੀਂ ਬਚ ਸਕੀ, ਸਨਅਤਾਂ ਲੱਖਾਂ ਟਨ ਠੋਸ ਰੱਦੀ ਪੈਦਾ ਕਰਦੀਆਂ ਹਨ, ਤੇਲ ਸੋਧਕ ਤੇ ਕਾਰਖਾਨੇ ਕਈ ਪ੍ਰਕਾਰ ਦਾ ਰਸਾਇਣ ਮਿਲਿਆ ਕਚਰਾ ਧਰਤੀ ਤੇ ਸੁੱਟਦੇ ਹਨ। ਜਿਸ ਦੀ ਸਭ ਤੋਂ ਵੱਡੀ ਉਦਾਹਰਣ ਕੇ.ਜੀ.ਐਫ. ਭਾਵ ਕੋਲਾਰ ਗੋਲਡ ਫੀਲਡ ਮਾਈਨਜ਼ ਹੈ, ਜੋ ਕਿ ਹੁਣ ਬੰਦ ਹੋ ਚੁੱਕੀ ਹੈ ਅਤੇ ਉਸ ਦੀ ਰਹਿੰਦ ਖੂੰਹਦ ਦੇ ਚਾਲੀ ਮੀਟਰ ਦੇ ਪਹਾੜ ਬਣ ਚੁੱਕੇ ਹਨ ਜੋ ਜ਼ਹਿਰੀਲੇ ਰਸਾਇਣਾਂ ਨਾਲ ਭਰੇ ਹੋਏ ਹਨ। ਉਸ ਤੋਂ ਲੰਘਦਾ ਵਰਖਾ ਦਾ ਪਾਣੀ ਜ਼ਹਿਰੀਲਾ ਹੋ ਕੇ ਧਰਤੀ ਵਿੱਚ ਜਾ ਮਿਲਦਾ ਹੈ ਅਤੇ ਧਰਤੀ ਹੇਠਲੇ ਪਾਣੀ ਨੂੰ ਵੀ ਜ਼ਹਿਰੀਲਾ ਬਣਾ ਦਿੰਦਾ ਹੈ। ਉੱਥੋਂ ਦੀ ਹਵਾ ਵਿੱਚ ਹੀ ਜ਼ਹਿਰੀਲੇ ਰਸਾਇਣ ਘੁਲਣ ਕਾਰਨ ਅਨੇਕਾਂ ਤਰ੍ਹਾਂ ਦੀਆਂ ਚਮੜੀ ਦੀਆਂ ਬੀਮਾਰੀਆਂ ਪੈਦਾ ਕਰ ਰਹੀ ਹੈ ਲੋਕਾਂ ਨੂੰ ਸਾਹ ਦੀਆਂ ਬੀਮਾਰੀਆਂ ਕੈਂਸਰ, ਦਮਾ ਤੇ ਹੋਰ ਅਨੇਕਾਂ ਬੀਮਾਰੀਆਂ ਨੇ ਬੇਹਾਲ ਕੀਤਾ ਹੋਇਆ ਹੈ ।

ਇਸ ਤੋਂ ਬਿਨਾਂ ਘਰੇਲੂ ਕੂੜਾ ਕਰਕਟ, ਪਲਾਸਟਿਕ ਦੇ ਲਿਫ਼ਾਫ਼ੇ, ਲੋਹੇ, ਕੱਚ ਦੀਆਂ ਬੋਤਲਾਂ ਤੇ ਹੋਰ ਬਹੁਤ ਸਾਰੇ ਗੰਦ ਨੇ ਧਰਤੀ ਦਾ ਹੁਲੀਆ ਵਿਗਾੜ ਕੇ ਰੱਖ ਦਿੱਤਾ ਹੈ ।

ਕਾਰਬਨ ਡਾਈਆਕਸਾਈਡ ਦੀ ਮਾਤਰਾ ਵਧ ਗਈ ਹੈ ਜੋ ਅਸਮਾਨ ਵਿੱਚ ਜਮ੍ਹਾਂ ਹੋ ਕੇ ਧਰਤੀ ਤੇ ਪੈਦਾ ਹੋਈ ਗਰਮੀ ਨੂੰ ਬਾਹਰ ਨਹੀਂ ਨਿਕਲਣ ਦਿੰਦੀ। ਇਨ੍ਹਾਂ ਜ਼ਹਿਰਾਂ ਕਾਰਨ ਤੇਜ਼ਾਬੀ ਮੀਂਹ ਪੈ ਰਹੇ ਹਨ, ਗਲੇਸ਼ੀਅਰ ਪਿਘਲ ਰਹੇ ਹਨ, ਜ਼ਹਿਰੀਲੇ ਪਾਣੀ ਨਾਲ ਸਮੁੰਦਰੀ ਜੀਵ ਮਰ ਰਹੇ ਹਨ। ਜੰਗਲ ਅਤੇ ਦਰੱਖਤ ਕੱਟਣ ਕਰਕੇ ਪੰਛੀਆਂ ਦੀਆਂ ਨਸਲਾਂ ਖ਼ਤਮ ਹੋ ਰਹੀਆਂ ਹਨ, ਭੌਂ ਖੋਰ ਵਧ ਰਿਹਾ ਹੈ ਜਿਸ ਕਰਕੇ ਧਰਤੀ ਦੀ ਉਪਜਾਊ ਮਿੱਟੀ ਰੁੜ੍ਹ ਕੇ ਦਰਿਆਵਾਂ ਤੇ ਸਮੁੰਦਰਾਂ ਵਿੱਚ ਜਾ ਰਹੀ ਹੈ ।

ਓਜ਼ੋਨ ਪਰਤ ਵਿੱਚ ਮਘੋਰੇ ਹੋਣ ਕਾਰਨ ਕੈਂਸਰ ਤੇ ਚਮੜੀ ਦੇ ਭਿਆਨਕ ਰੋਗ ਹੋ ਰਹੇ ਹਨ। ਅਨੇਕਾਂ ਤਰ੍ਹਾਂ ਦੇ ਪ੍ਰਦੂਸ਼ਣ ਨੇ ਮਨੁੱਖ ਨੂੰ ਬੇਹੱਦ ਖ਼ਤਰਨਾਕ ਮੋੜ ਤੇ ਲਿਆ ਖੜ੍ਹਾ ਕੀਤਾ ਹੈ ਤੇ ਇਸ ਤੇ ਕਾਬੂ ਪਾਉਣਾ ਮਨੁੱਖ ਲਈ ਇੱਕ ਚੁਣੌਤੀ ਬਣ ਗਿਆ ਹੈ। ਮਨੁੱਖ ਭਿਆਨਕ ਬੀਮਾਰੀਆਂ ਦੀ ਜਕੜ ਵਿੱਚ ਆ ਗਿਆ ਹੈ । ਮਨੁੱਖ ਦੇ ਕੁਦਰਤ ਵਿੱਚ ਬੇਲੋੜੇ ਦਖ਼ਲ ਕਰਕੇ ਮੌਸਮ ਬੇਯਕੀਨੇ ਹੋ ਗਏ ਹਨ ਅਤੇ ਕੁਦਰਤੀ ਆਫ਼ਤਾਂ ਭਿਆਨਕ ਰੂਪ ਵਿੱਚ ਸਾਡੇ ਸਾਹਮਣੇ ਆ ਰਹੀਆਂ ਹਨ। ਕਿਧਰੇ ਸੋਕੇ ਪੈ ਰਹੇ ਹਨ ਕਿਧਰੇ ਹੜ੍ਹ ਆ ਰਹੇ ਹਨ। ਦਿਨੋਂ-ਦਿਨ ਗਰਮੀ ਵਧ ਰਹੀ ਹੈ। ਪਰ ਮਨੁੱਖ ਦੇ ਤਾਂ ਅਜੇ ਵੀ ਕੰਨ ਤੇ ਜੂੰ ਨਹੀਂ ਸਰਕ ਰਹੀ ਧੜਾ-ਧੜ ਦਰਖ਼ਤ ਕੱਟੀ ਜਾ ਰਿਹਾ ਹੈ ।

ਪੈਲੀਆਂ ਨੂੰ ਅੱਗ ਲਗਾ ਕੇ ਬੱਚਿਆਂ ਵਰਗੇ ਪੌਦੇ ਅਤੇ ਮਾਂ-ਪਿਓ ਵਰਗੇ ਦਰੱਖ਼ਤ ਸਾੜ ਰਿਹਾ ਹੈ ਮਿੱਤਰ ਕੀੜੇ ਮਾਰ ਰਿਹਾ ਹੈ। ਧਰਤੀ ਦੀ ਉਪਜਾਊ ਸ਼ਕਤੀ ਘਟਾ ਰਿਹਾ ਹੈ ।

ਪਿਛਲੇ ਦਿਨੀਂ ਪਰਾਲੀ ਨੂੰ ਜਾਂ ਖੇਤਾਂ ਦੀ ਰਹਿੰਦ ਖੂੰਹਦ ਨੂੰ ਅੱਗ ਲਾਉਣ ਕਰ ਕੇ ਵੱਖ-ਵੱਖ ਥਾਵਾਂ ਤੇ ਅਨੇਕਾਂ ਦਿਲ ਦਹਿਲਾ ਦੇਣ ਵਾਲੀਆਂ ਘਟਨਾਵਾਂ ਵਾਪਰੀਆਂ ਹਨ। ਕਿਤੇ ਸਕੂਲੀ ਬੱਚਿਆਂ ਦੀ ਬੱਸ ਨਾਲ ਧੂੰਏਂ ਕਾਰਨ ਹਾਦਸਾ, ਕਿਤੇ ਗਰਭਵਤੀ ਇਸਤਰੀ ਤੇ ਉਹਦੇ ਪਤੀ ਦੀ ਧੂੰਏਂ ਕਾਰਨ ਹੋਏ ਹਾਦਸੇ ਵਿਚ ਮੌਤ ਤੇ ਇਕ ਬੱਚੀ ਇਸੇ ਅੱਗ ਕਾਰਨ ਝੁੱਗੀਆਂ ਵਿੱਚ ਜਿਊਂਦੀ ਸੜ ਕੇ ਸੁਆਹ ਹੋ ਗਈ ਜੋ ਸਭ ਨੂੰ ਹਿਲਾ ਕੇ ਰੱਖ ਗਈ। ਪਰ ਪਤਾ ਨਹੀਂ ਕਿਉਂ ਅਸੀਂ ਅੱਗ ਲਗਾਉਣ ਸਮੇਂ ਇਹੋ ਜਿਹੇ ਪਹਿਲੂਆਂ ਨੂੰ ਧਿਆਨ ਵਿੱਚ ਕਿਉਂ ਨਹੀਂ ਰੱਖਦੇ? ਜ਼ਮੀਨ ਸਾਡੀ, ਵਾਤਾਵਰਣ ਅਸਾਡਾ, ਫ਼ਸਲ ਅਸਾਡੀ, ਸਾਹ ਵੀ ਸਾਡੇ ਬੱਚਿਆ ਨੇ ਲੈਣਾ ਤੇ ਜ਼ਿੰਮੇਵਾਰੀ ਸਾਡੀ ਕਿਉਂ ਨਹੀਂ? ਮੰਨ ਲਿਆ ਕੇ ਤੁਹਾਡੀਆਂ ਵੀ ਕੁਝ ਮਜਬੂਰੀਆਂ ਹੋਣਗੀਆਂ। ਸਰਕਾਰ ਦੀ ਵੀ ਜ਼ਿੰਮੇਵਾਰੀ ਬਣਦੀ ਹੈ। ਪਰ ਸਾਨੂੰ ਵੀ ਆਪਣੀ ਜ਼ਿੰਮੇਵਾਰੀ ਨਹੀਂ ਭੁੱਲਣੀ ਚਾਹੀਦੀ ਕਿ ਅੱਗ ਲਗਾਉਣ ਨਾਲ ਨੁਕਸਾਨ ਵੀ ਸਾਡਾ ਈ ਹੁੰਦੈ ਤਾਂ ਕਿਉਂ ਅਸੀਂ ਸਾਰੀ ਜ਼ਿੰਮੇਵਾਰੀ ਸਰਕਾਰ ਤੇ ਸੁੱਟ ਦਿੰਦੇ ਆਂ। ਕਿਉਂ ਅਸੀਂ ਇਹਦਾ ਰਲ ਮਿਲ ਕੇ ਹੱਲ ਨਹੀਂ ਲੱਭਦੇ? ਜੇਕਰ ਅਸੀਂ ਇੰਨੀਆ ਵੱਡੀਆਂ ਜੰਗਾਂ ਜਿੱਤ ਸਕਦੇ ਹਾਂ ਤਾਂ ਇਹ ਜੰਗ ਸਾਡੇ ਲਈ ਕਿਉਂ ਔਖੀ ਹੋਈ ਪਈ ਆ? ਜਾਂ ਅਸੀਂ ਲਾਪ੍ਰਵਾਹ ਹੀ ਇੰਨੇ ਹੋ ਗਏ ਹਾਂ ਕਿ ਆਪਣੇ ਮਤਲਬ ਤੋਂ ਸਿਵਾ ਸਾਨੂੰ ਕੁਝ ਵੀ ਦਿਖਾਈ ਨਹੀਂ ਦਿੰਦਾ। ਆਪਣੀ ਬੇਰੁਖ਼ੀ, ਲਾਪ੍ਰਵਾਹੀ ਤੇ ਖ਼ੁਦਗਰਜ਼ੀ ਕਾਰਨ ਅਸੀਂ ਆਪਣੇ ਹੀ ਬੱਚਿਆਂ ਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਸਰਵਨਾਸ਼ ਕਰ ਰਹੇ ਹਾਂ। ਕੀ ਅਸੀਂ ਸੜਕਾਂ ਦੇ ਕੰਢਿਆਂ ਤੇ ਲੱਗੇ ਰੁੱਖਾਂ ਨੂੰ ਸੜਨ ਤੋਂ ਬਚਾਅ ਨਹੀਂ ਸਕਦੇ? ਕੀ ਇਹਦੇ ਲਈ ਵੀ ਸਰਕਾਰ ਜ਼ਿੰਮੇਵਾਰ ਹੈ ? ਸੁਣਨ ਵਿੱਚ ਆਇਆ ਹੈ ਕਿ ਹੁਣ ਮੋਟਰਾਂ ਵੀ ਪਾਣੀ ਛੱਡ ਰਹੀਆਂ ਹਨ। ਜਿਸ ਨਾਲ ਝੋਨੇ ਨੂੰ ਪਾਣੀ ਲਗਾਉਣ ਵਿੱਚ ਦਿੱਕਤ ਆ ਰਹੀ ਹੈ। ਕਿਉਂਕਿ ਪਾਣੀ ਦਾ ਪੱਧਰ ਦਿਨੋਂ ਦਿਨ ਹੇਠਾਂ ਜਾ ਰਿਹਾ ਹੈ ਅਤੇ ਬਹੁਤ ਸਾਰੀਆਂ ਥਾਵਾਂ ਤੇ ਧਰਤੀ ਹੇਠਲਾ ਪਾਣੀ ਪੀਣਯੋਗ ਨਹੀਂ ਰਿਹਾ। ਉਹ ਦਿਨ ਦੂਰ ਨਹੀਂ ਜਦੋਂ ਅਸੀਂ ਪੀਣ ਵਾਲੇ ਪਾਣੀ ਨੂੰ ਵੀ ਤਰਸਾਂਗੇ। ਕਿਉਂਕਿ ਘਰਾਂ ਵਿੱਚ ਵੀ ਪਾਣੀ ਦੀ ਬਹੁਤ ਬਰਬਾਦੀ ਹੁੰਦੀ ਹੈ। ਅਸੀਂ ਅਖ਼ਬਾਰਾਂ ਵਿੱਚ ਤੇ ਸੋਸ਼ਲ ਮੀਡੀਆ ਤੇ ਤਾਂ ਬਹੁਤ ਦੁਹਾਈਆਂ ਦਿੰਦੇ ਹਾਂ ਪਰ ਵਿਹਾਰਕ ਤੌਰ ਤੇ ਕੁੱਝ ਵੀ ਨਹੀਂ ਕਰਦੇ ।

ਭਾਵੇਂ ਬਾਬਾ ਸੇਵਾ ਸਿੰਘ, ਸੰਤ ਬਲਬੀਰ ਸਿੰਘ ਸੀਚੇਵਾਲ ਜਿਹੇ ਮਹਾਨ ਸੰਤ, ਮਾਸਟਰ ਗੁਰਪ੍ਰੀਤ ਸਿੰਘ ਸਰਾਂ ਅਤੇ ਹੋਰ ਅਨੇਕਾਂ ਸਮਾਜ ਸੇਵਾ ਸੰਸਥਾਵਾਂ ਰੁੱਖ ਲਗਾ ਕੇ ਵਾਤਾਵਰਣ ਨੂੰ ਹਰਿਆ ਭਰਿਆ ਬਣਾਉਣ ਵਿਚ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਹਨ। ਸਰਕਾਰ ਵੀ ਵਾਤਾਵਰਨ ਨੂੰ ਸੋਹਣਾ ਬਣਾਉਣ ਤੇ ਕੰਮ ਕਰ ਰਹੀ ਹੈ ।

ਸਾਡਾ ਵੀ ਸਭ ਦਾ ਫਰਜ਼ ਬਣਦਾ ਹੈ ਕਿ ਆਪਣੇ ਜਨਮਦਿਨ, ਮਾਤਾ-ਪਿਤਾ ਦੇ ਵਿਆਹ ਦੀ ਵਰ੍ਹੇਗੰਢ, ਹਰ ਖੁਸ਼ੀ ਦੇ ਮੌਕੇ ਤੇ ਆਪਣੇ ਪਿਆਰਿਆਂ ਦੀ ਯਾਦ ਵਿੱਚ ਇੱਕ-ਇੱਕ ਰੁੱਖ ਜ਼ਰੂਰ ਲਗਾਈਏ, ਉਨ੍ਹਾਂ ਦੀ ਸੰਭਾਲ

(ਬਾਕੀ ਸਫਾ ਬੀ14 ਤੇ)


**Injured in an accident?**
**ICBC claim?**

**We can help.**

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀਂ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
*B.Sc., L.L.B (UBC)*

RM TRIAL LAWYERS

MANDEEP RANDHAWA LAW CORPORATION

**T 604 449 7500**

#200 – 6245 136th Street, Surrey, BC, V3X 1H3

• F 604 449 7501 • TF 1 888 449 7573 • www.rmlawyers.ca

www.deltondentures.com

# DELTON DENTURE CLINIC LTD.

Denturists Are Denture Specialist

ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ

CONSUMER CHOICE AWARD 2018 VANCOUVER

Business Category Denturist

WE ARE DENTURISTS

ਅਸੀਂ ਜੁਬਾੜੇ ਬਣਾਉਂਦੇ ਹਾਂ

*Get a Beautiful Smile*





## Chris Kozakiewicz

BSc., R.D.

Mon-Fri: 9am-5pm, Saturdays By Appointment


## Scott 72 Shopping Centre

#209- 7313-120th St., Delta ( Above London Drugs & Staples )

# 604.590.1111

.Ck Auto.

# CK AUTO SERVICES LTD.



- Tune Ups
- Oil Change
- Wheel alignment
- Transmission
- Electrical
- Air Condition
- Electronic Fuel Injection
- Brakes
- Repairs
- Propane & Natural Gas
- Computerized Wheel Alignment
- Tires & Wheel Balancing

Ck Auto AUTO REPAIR SERVICES



-REASONABLE RATES
-EXPERIENCED -QUALITY WORK

.Ck Auto.



TARSHOTAM BIRAN

Cell: 778-322-1610
Tel: 604-592-2667

#106-13112-84th Ave.,Surrey

Open Mon to Sat 9 am to 6pm

SUNDAY CLOSED

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

SARDAR JI CATERING

#1 Services On Your Special Events

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



ਬੁੱਧਵਾਰ ਅਤੇ ਐਤਵਾਰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਬੀਬੀਆਂ ਵੱਲੋਂ ਮੇਨ ਹਾਲ ਵਿਚ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕੀਤੇ ਜਾਂਦੇ ਹਨ ਅਤੇ ਸੋਮਵਾਰ ਤੋਂ ਸ਼ੁੱਕਰਵਾਰ ਦੁਪਹਿਰ 1 ਵਜੇ ਤੋਂ 3 ਵਜੇ ਤੱਕ ਵਾਹਿਗੁਰੂ ਸਿਮਰਨ ਕੀਤਾ ਜਾਂਦਾ ਹੈ

## ਸਵੇਰ ਦੇ ਨਿਤਨੇਮ

*ਪ੍ਰਕਾਸ਼ ਸਵੇਰੇ 3.30 ਵਜੇ *ਸਿਮਰਨ ਸਵੇਰੇ 4 ਵਜੇ ਤੋਂ 5 ਵਜੇ ਤੱਕ
*5 ਬਾਣੀਆਂ ਦੇ ਨਿਤਨੇਮ 5 ਵਜੇ ਤੋਂ 6.30 ਵਜੇ ਤੱਕ
*ਕੀਰਤਨ ਆਸਾ ਦੀ ਵਾਰ 6.30 ਤੋਂ 8 ਵਜੇ ਤੱਕ
*ਕਥਾ 8 ਵਜੇ ਤੋਂ 9 ਵਜੇ ਤੱਕ ਉਪਰੰਤ ਅਰਦਾਸ ਅਤੇ ਸਮਾਪਤੀ

## ਸ਼ਾਮ ਦੇ ਨਿਤਨੇਮ

*ਸ਼ਬਦ ਕੀਰਤਨ 2.45 ਤੋਂ 3.45 ਤੱਕ *ਸੋ-ਦਰ ਚੌਂਕੀ 3.45 ਤੋਂ 4.45 ਤੱਕ
*ਪਾਠ ਸ੍ਰੀ ਰਹਿਰਾਸ ਸਾਹਿਬ ਅਤੇ ਅਰਦਾਸ 4.45 ਤੋਂ 5.30
*ਆਰਤੀ ਚੌਂਕੀ 5.30 ਤੋਂ 6.15 *ਕਥਾ 6.15 ਤੋਂ 6.50 ਵਜੇ ਤੱਕ
*ਢਾਡੀ 6.50 ਤੋਂ 7.40 ਤੱਕ ਉਪਰੰਤ ਅਰਦਾਸ ਅਤੇ ਸਮਾਪਤੀ

## ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥੇ:ਭਾਈ ਗੁਰਇੰਦਰ ਸਿੰਘ ਜ਼ੀਰਾ ਵਾਲਿਆਂ ਦਾ ਜਥਾ, ਭਾਈ ਅਵਤਾਰ ਸਿੰਘ ਲੁਧਿਆਣਾ ਵਾਲੇ,
ਢਾਡੀ ਜਥਾ:ਭਾਈ ਮਨਪ੍ਰੀਤ ਸਿੰਘ ਅਕਾਲਗੜ




## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530

ਬਲਵੀਰ ਸਿੰਘ ਬਨਵੈਤ (ਪ੍ਰਧਾਨ):604-636-4247, ਮਨਜੀਤ ਸਿੰਘ ਗਰੇਵਾਲ (ਜਨਰਲ ਸੈਕਟਰੀ):778-908-1570
ਭਾਈ ਹਰਜੀਤ ਸਿੰਘ (ਹੈੱਡ ਗ੍ਰੰਥੀ):778-201-5310, ਭਾਈ ਬਲਵਿੰਦਰ ਸਿੰਘ ਭੌਰਲਾ (ਗ੍ਰੰਥੀ), ਭਾਈ ਹੁਸ਼ਿਆਰ ਸਿੰਘ (ਗ੍ਰੰਥੀ)

# VERTEX
PERFORMANCE

## ਅਸੀਂ ਹੇਠ ਲਿਖੇ ਕੇਸ ਲੈਂਦੇ ਹਾਂ

- ਐਮ ਐਸ ਪੀ ਅਤੇ ਪ੍ਰਾਈਵੇਟ ਕੇਸ
- ਆਈ ਸੀ ਬੀ ਸੀ / ਵਰਕਸੇਫ ਬੀ.ਸੀ
- ਨਵੇਂ ਮਰੀਜ਼ ਵੀ ਆ ਸਕਦੇ ਹਨ

## ਅਸੀਂ ਹੇਠ ਲਿਖੇ ਕੇਸਾਂ 'ਚ ਮੁਹਾਰਤ ਰੱਖਦੇ ਹਾਂ

- ਕਾਰ ਦੁਰਘਟਨਾ ਨਾਲ ਲੱਗੀਆਂ ਸੱਟਾਂ
- ਪਿੱਠ, ਗੋਡੇ, ਧੌਣ ਅਤੇ ਮੋਢਿਆਂ ਦੀ ਦਰਦ
- ਹੀਟ ਅਤੇ ਮਸਾਜ ਥੈਰੇਪੀ
- ਕੰਮ ਵਾਲੀ ਥਾਂ ਦੀਆਂ ਸੱਟਾਂ
- ਸਿਰਦਰਦ
- ਖੇਡਾਂ ਦੀਆਂ ਸੱਟਾਂ
- ਉਲਝਣ / ਚੱਕਰ



## WE ACCEPT

- ICBC/WORK SAFE BC Claims
- MSP & Private Pay Patients
- New Patients Welcome

## WE TREAT

- Car Accident Injuries
- Work Place Injuries
- Back, Neck, Shoulder & Knee Pain
- Post Surgical Therapy
- Headaches
- Sports Injuries
- Concussion / Vertigo

## ਅਸੀਂ ਪੇਸ਼ ਕਰਦੇ ਹਾਂ

- ਸਿਹਤ ਯੋਜਨਾਵਾਂ ਲਈ ਸਿੱਧੀ ਬਿਲਿੰਗ
- ਆਨਲਾਈਨ ਬੁਕਿੰਗ ਵੀ ਕਰਦੇ ਹਾਂ

## WE OFFER

- Direct Billing to Extended Health Plans
- Online Booking

**UNIT# 201- 7110-**
**120TH STREET, SURREY**
(2ND FLOOR, FIRST DOOR ON THE RIGHT)

*APPOINTMENT BOOKING:*
**604-596-6775**
admin@vertexperformance.ca
www.vertexperformance.ca
*ONLINE BOOKING*



**GARRY SARAN**
CHIROPRACTOR

WE ARE OFFERING
**$50 MASSAGE FOR 1 HOUR TREATMENT**



**GURNEET COMBOW**
BODY WORKER



**VINCENT WANG**
ACUPUNCTURIST & HERBALIST



**SANKLAP THAKUR**
MASSAGE THERAPIST



**IAREN RAI**
CLINICAL COUNSELLOR



**SAMREEN SANDHU**
KINESIOLOGIST



**HARPREET SINGH**
PHYSIOTHERAPIST

# ਮੁੜ ਵਸੇਬਾ ਕਲੀਨਿਕ

**SERVING YOU SINCE 2006**

**SURREY'S LEADING REHABILITION CLINIC**



LANGLEY
BANQUET HALL
ਵਿਆਹ-ਸ਼ਾਦੀ, ਜਨਮ ਦਿਨ ਜਾ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ ਬੈਂਕੁਇਟ ਹਾਲ
ਬੁੱਕ ਕਰੋ।
• Wedding • Corporate Events
• Private Dinner • Bithday Parties
• Gurudwara and Live Catering
ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।
Call:Davinder Grewal
604-537-9759
info@langleybanquethall.com
3227 264 St UNIT #6, Aldergrove, BC V4W 2X3




• ਇੰਸ਼ੋਰੈਂਸ ਦੀਆਂ ਸਾਰੀਆਂ ਵੱਡੀਆਂ ਪਲੈਨਾਂ ਲੈਂਦੇ ਹਾਂ • ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਬੋਲਦੇ ਹਾਂ
• ਸ਼ਾਮ ਅਤੇ ਵੀਕਐਂਡ ਦੀਆਂ ਅਪਾਇੰਟਮੈਂਟਾਂ ਉਪਲਬੱਧ ਹਨ • ਸਕਾਟ ਰੋਡ ਗੁਰਦਵਾਰਾ ਦੇ ਨੇੜੇ, ਸਤਨਾਮ ਪਲਾਜ਼ਾ ਵਿੱਚ
ਪਿਛਲੇ 10 ਸਾਲਾਂ ਤੋਂ ਉੱਪਰ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ ਹਾਂ
For your family.. healthy beautiful smiles!
ਸੇਵਾਵਾਂ :
• ਜਾੜ ਭਰਨੀ
• ਦੰਦ ਕੱਢਣੇ
• ਕਰਾਊਨ ਤੇ ਬ੍ਰਿਜ
• ਡਿਜੀਟਲ ਐਕਸਰੇ
• ਵਾਈਟ ਫਿਲਿੰਗਸ
• ਦੰਦਾਂ ਦੀ ਸਫਾਈ ਅਤੇ ਚੈੱਕਅੱਪ
SERVICES:
• Extractions
• White Fillings
• Root Canals
• Crown & Bridge
• Digital X-Rays
• Teeth Cleaning & Checkup
• All Major Insurance Plans Accepted
• Punjabi, Hindi, Urdu Spoken
• New Patients Welcome
Evening & Weekend Appointment Available
Practising For Over 10 Years
ਇਮਰਜੈਂਸੀ ਅਪਾਇੰਟਮੈਂਟਾਂ ਉਪਲਬੱਧ ਹਨ
EVERSHINE DENTISTRY
EVERSHINE
FAMILY DENTISTRY
ਤੁਹਾਡੇ ਪਰਿਵਾਰ ਲਈ...ਤੰਦਰੁਸਤ ਤੇ ਸੁੰਦਰ ਮੁਸਕਾਨ
72 Ave.
WALMART
SATNAM PLAZA
70 Ave.
604.593.6515
#111 - 7130 120th Street, Surrey, BC
Near Guru Nanak Sikh Gurdwara
Ground Floor of Satnam Plaza
(FREE AMPLE PARKING)
Dr. Anjanpal Kaur Bhalla
www.evershinedental.ca
ਡਾ. ਅੰਜਨਪਾਲ ਕੌਰ ਭੱਲਾ




DREAM BANQUET HALL
Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events
Capacity 350-375 seats
Dream Catering "Your Venue, Our Food"
We provide various Menu Options to choose
ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜ਼ਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ
For Bookings, Contact: 604-203-7272
7236 -120St, Surrey, BC
Email:info@dreambanquethall.ca




ਇੰਡੋ-ਕੈਨੇਡਾ ਟਰੈਵਲ ਏਜੰਸੀ
INDO CANADA
TRAVEL AGENCY
ਘੱਟ ਕਿਰਾਇਆ - ਸਹੀ ਸਲਾਹ
Best Airfares with Quality Assistance
ਇੰਡੀਆ ਅਤੇ ਦੁਨੀਆਂ ਭਰ ਵਿੱਚ ਕਿਤੇ ਵੀ ਜਾਣ-ਆਉਣ ਲਈ
ਸਪੈਸ਼ਲ ਰੇਟ ਤੇ ਟਿੱਕਟਾਂ ਖ਼ਰੀਦੋ
+1 604 388 9696 , 604 503 8011
#217-8028-128St, Surrey, BC
(Little India Plaza) (Second Floor)

# ਕੀ ਸਚਮੁੱਚ ਕੇਵਲ 5 ਫ਼ੀਸਦੀ ਲੋਕ ਹੀ ਭਾਰਤ ਵਿਚ ਗ਼ਰੀਬ ਰਹਿ ਗਏ ਹਨ? ਸਰਕਾਰ ਤਾਂ ਇਹੀ ਦਾਅਵਾ ਕਰਦੀ ਹੈ!

ਬੰਗਲੌਰ ਮੈਟਰੋ ਦੀ ਇਕ ਵੀਡੀਉ ਖ਼ੂਬ ਹਲਚਲ ਮਚਾ ਰਹੀ ਹੈ ਜਿਸ ਵਿਚ ਵੇਖਿਆ ਜਾ ਸਕਦਾ ਹੈ ਕਿ ਇਕ ਕਿਸਾਨ ਨੂੰ ਉਸ ਦੇ ਕੱਪੜਿਆਂ ਕਾਰਨ ਮੈਟਰੋ 'ਤੇ ਚੜ੍ਹਨ ਨਹੀਂ ਸੀ ਦਿੱਤਾ ਗਿਆ। ਕਿਸਾਨ ਦੀ ਵੇਸ-ਭੂਸ਼ਾ ਅਤਿ ਗ਼ਰੀਬੀ ਬੰਦੇ ਵਾਲੀ ਹੀ ਸੀ। ਉਸ ਨੇ ਪਾਟੇ ਤੇ ਮੈਲੇ ਕਪੜੇ ਪਾਏ ਹੋਏ ਸਨ। ਪਰ ਨੀਤੀਘਾੜਿਆਂ ਨੇ ਇਹ ਖੁਲ੍ਹ ਕੇ ਕਦੇ ਨਹੀਂ ਆਖਿਆ ਕਿ ਜਿਹੜੀਆਂ ਨਵੀਆਂ ਸੁਵਿਧਾਵਾਂ ਭਾਰਤ ਦੇ ਕਿਸਾਨ ਨੂੰ ਭੁੱਖਾ ਮਾਰ ਕੇ ਉਸਾਰੀਆਂ ਜਾ ਰਹੀਆਂ ਹਨ, ਉਨ੍ਹਾਂ ਸੁਵਿਧਾਵਾਂ ਉਤੇ ਕਿਸਾਨ ਜਾਂ ਗ਼ਰੀਬ ਦਾ ਕੋਈ ਹੱਕ ਨਹੀਂ ਹੋਵੇਗਾ। ਕਦੇ ਕਿਹਾ ਗਿਆ ਸੀ ਕਿ ਹਵਾਈ ਜਹਾਜ਼ 'ਤੇ ਚੱਪਲ ਪਹਿਨਣ ਵਾਲੇ ਵੀ ਸਫ਼ਰ ਕਰਨਗੇ ਪਰ ਅੱਜ ਤਾਂ ਚੱਪਲ ਵਾਲੇ ਰੇਲਗੱਡੀ 'ਤੇ ਵੀ ਬਰਦਾਸ਼ਤ ਨਹੀਂ ਹੋ ਰਹੇ।

ਅੱਜ ਦੇ ਦਿਨ ਦੇਸ਼ ਭਰ ਦੇ ਕਿਸਾਨਾਂ ਨੂੰ ਇਸ ਸਰਕਾਰ ਵਲੋਂ ਜਾਂਦੇ ਜਾਂਦੇ 21 ਹਜ਼ਾਰ ਕਰੋੜ ਦੀ ਰਕਮ ਦਿਤੀ ਜਾਵੇਗੀ ਤੇ 21 ਹਜ਼ਾਰ ਕਰੋੜ ਵਿਚੋਂ ਹਰ ਕਿਸਾਨ ਦੇ ਖਾਤੇ ਵਿਚ 500 ਰੁਪਏ ਪਾ ਕੇ ਉਸ ਨੂੰ 'ਅਮੀਰ' ਬਣਾ ਦਿਤਾ ਜਾਵੇਗਾ ਪਰ ਜੇ ਲੋਕਾਂ ਵਲੋਂ ਦਿਤੇ ਟੈਕਸਾਂ ਨਾਲ ਨਿਰਮਾਣ ਕੀਤੀ ਨਵੀਂ ਆਧੁਨਿਕ ਰੇਲਗੱਡੀ ਵਿਚ ਵੀ ਗ਼ਰੀਬ ਆਦਮੀ ਸਫ਼ਰ ਨਹੀਂ ਕਰ ਸਕਦਾ ਤਾਂ ਫਿਰ ਨੀਤੀਘਾੜਿਆਂ ਦੀ ਸੋਚ ਵਿਚ ਕੋਈ ਨਾ ਕੋਈ ਖ਼ਰਾਬੀ ਤਾਂ ਜ਼ਰੂਰ ਹੈ। ਇਹੀ ਸੋਚ ਹੈ ਜੋ ਹੁਣੇ ਹੁਣੇ ਆਈ ਐਮਪੀਸੀਈ (ਹਰ ਮਹੀਨੇ ਘਰੇਲੂ ਖ਼ਰਚੇ ਦੀ ਔਸਤ) ਸਰਵੇਖਣ ਵਿਚ ਵੀ ਨਜ਼ਰ ਆ ਰਹੀ ਹੈ।

10 ਸਾਲ ਤੋਂ ਬਾਅਦ ਸਰਕਾਰ ਨੇ ਇਹ ਸਰਵੇਖਣ ਸਾਂਝਾ ਕੀਤਾ ਹੈ ਕਿਉਂਕਿ ਪਿਛਲਾ ਸਰਵੇਖਣ (2018-19 ਵਾਲਾ) ਸਹੀ ਨਹੀਂ ਸੀ ਜਾਪਦਾ ਜਦਕਿ ਇਸ ਹਥਲੇ ਸਰਵੇਖਣ ਬਾਰੇ ਮਾਨਤਾ ਇਹ ਹੈ ਕਿ ਇਹ ਸਹੀ ਤਸਵੀਰ ਵਿਖਾਉਂਦਾ ਹੈ। ਇਸ ਮੁਤਾਬਕ ਹੁਣ ਭਾਰਤ ਵਿਚ ਸਿਰਫ਼ ਪੰਜ ਫ਼ੀਸਦੀ ਗ਼ਰੀਬ ਹੀ ਰਹਿ ਗਏ ਹਨ। ਪਰ ਜਿਹੜੀ ਗ਼ਰੀਬੀ ਰੇਖਾ ਨੂੰ ਆਧਾਰ ਮੰਨ ਕੇ ਇਹ ਅੰਦਾਜ਼ਾ ਲਗਾਇਆ ਜਾ ਰਿਹਾ ਹੈ, ਉਹ ਹੁਣ ਨੀਤੀ ਆਯੋਗ ਵਲੋਂ ਮੰਨੀ ਨਹੀਂ ਜਾਂਦੀ ਪਰ ਉਸ ਪੁਰਾਣੀ ਰੇਖਾ ਮੁਤਾਬਕ ਹਰ ਮਹੀਨੇ 816 ਰੁਪਏ ਕਮਾਉਣ ਵਾਲਾ ਗ਼ਰੀਬੀ ਰੇਖਾ ਤੋਂ ਥੱਲੇ ਹੈ। ਪਰ ਇਸ ਸਰਵੇਖਣ ਮੁਤਾਬਕ ਇਕ ਆਮ ਨਾਗਰਿਕ ਹਰ ਮਹੀਨੇ 3,773 ਰੁਪਏ ਅਪਣੇ ਖਾਣ-ਪੀਣ ਉਤੇ ਖਰਚ ਕਰ ਰਿਹਾ ਹੈ ਯਾਨੀ ਹੁਣ ਉਹ ਗ਼ਰੀਬ ਨਹੀਂ ਮੰਨਿਆ ਜਾ ਸਕਦਾ। ਇਕ ਗੈਸ ਸਿਲੈਂਡਰ ਹੀ ਅੱਜ 912 ਰੁਪਏ ਦਾ ਹੈ ਤੇ ਫਿਰ ਉਸ ਨੇ ਖਾਣਾ ਕੀ ਹੈ ਤੇ ਪਕਾਣਾ ਕੀ ਹੈ?

ਇਸ ਸਰਵੇਖਣ ਨੂੰ ਲੈ ਕੇ ਜਿਥੇ ਨੀਤੀ ਆਯੋਗ ਤੇ ਸਰਕਾਰ ਦੇ ਅਰਥ ਸ਼ਾਸਤਰੀ ਖ਼ੁਸ਼ ਹਨ, ਉਥੇ ਵਿਰੋਧੀ ਧਿਰ ਇਸ ਨੂੰ ਭਾਰਤ ਦੀ ਜਨਤਾ ਨਾਲ ਮਜ਼ਾਕ ਦੱਸ ਰਹੀ ਹੈ ਤੇ ਸਵਾਲ ਪੁੱਛ ਰਹੀ ਹੈ ਕਿ ਕਿਉਂ ਭਾਰਤ ਦਾ ਪੰਜ ਫ਼ੀਸਦੀ ਗ਼ਰੀਬ ਸਿਰਫ਼ 46 ਰੁਪਏ ਪ੍ਰਤੀ ਦਿਨ ਨਾਲ ਗੁਜ਼ਾਰਾ ਕਰਨ ਨੂੰ ਮਜਬੂਰ ਹੈ?

ਚੋਣਾਂ ਦੇ ਮੌਸਮ ਵਿਚ ਅਜਿਹਾ ਕੁੱਝ ਤਾਂ ਹੋਣਾ ਹੀ ਸੀ ਪਰ ਸੱਭ ਤੋਂ ਜ਼ਿਆਦਾ ਦੁੱਖ ਅਰਥ ਸ਼ਾਸਤਰੀਆਂ ਦੀ ਸੋਚ ਉਤੇ ਹੁੰਦਾ ਹੈ। ਅਰਥ ਸ਼ਾਸਤਰੀ ਅੰਕੜਿਆਂ ਦੇ ਹੇਰ-ਫੇਰ ਨਾਲ ਇਨਸਾਨਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਨ ਲੱਗ ਜਾਵੇ ਤਾਂ ਫਿਰ ਉਹੀ ਹੋਵੇਗਾ ਜੋ ਬੰਗਲੁਰੂ ਦੀ ਮੈਟਰੋ ਵਿਚ ਹੋਇਆ ਅਰਥਾਤ ਗ਼ਰੀਬ ਨੂੰ ਅਪਣੀਆਂ ਅੱਖਾਂ ਤੋਂ ਓਹਲੇ ਰੱਖਣ ਦੀਆਂ ਨੀਤੀਆਂ ਅਪਣਾਈਆਂ ਜਾਣਗੀਆਂ।

ਪਿਛਲੇ 10 ਸਾਲਾਂ ਵਿਚ ਮਹਿੰਗਾਈ ਵਧੀ ਹੈ। ਨਾ ਸਿਰਫ਼ ਗੈਸ ਤੇ ਪਟਰੋਲ ਦੀਆਂ ਕੀਮਤਾਂ ਵਧੀਆਂ ਬਲਕਿ ਕਪੜੇ ਤੋਂ ਲੈ ਕੇ ਪਿਨ ਦੀ ਕੀਮਤ ਵਿਚ ਵੀ ਵਾਧਾ ਹੋਇਆ ਹੈ। ਇਨ੍ਹਾਂ ਹਾਲਾਤ ਵਿਚ ਗ਼ਰੀਬੀ ਦੀ ਹੱਦ ਨੂੰ ਸਮਝੇ ਬਿਨਾ ਹੀ ਗ਼ਰੀਬੀ ਦਾ ਖਾਤਮਾ ਕਰਨ ਵਾਲੇ ਅਰਥ ਸ਼ਾਸਤਰੀ ਇਨਸਾਨੀਅਤ ਦਾ ਕਤਲ ਅੰਕੜਿਆਂ ਦੀ ਗ਼ਲਤ ਵਰਤੋਂ ਕਰ ਕੇ ਕਰ ਰਹੇ ਹਨ। ਅੱਛਾ ਹੋਵੇਗਾ ਕਿ ਜਿਸ ਨੂੰ ਇਹ ਗ਼ਰੀਬੀ ਰੇਖਾ ਤੋਂ ਉਪਰ ਉਠਿਆ ਪ੍ਰਵਾਰ ਮੰਨਦੇ ਹਨ, ਉਸੇ ਦੇ ਘਰ ਵਿਚ, ਉਸੇ ਨੌਕਰੀ ਤੇ, ਉਸੇ ਆਮਦਨ ਵਿਚ ਇਨ੍ਹਾਂ ਨੂੰ ਛੇ ਮਹੀਨੇ ਬਤੀਤ ਕਰਨ ਲਈ ਆਖਿਆ ਜਾਵੇ। ਸ਼ਾਇਦ ਫਿਰ ਇਹ ਗ਼ਰੀਬੀ ਨੂੰ ਸਮਝ ਕੇ ਅਪਣੇ ਦਾਅਵੇ ਵਾਪਸ ਲੈ ਲੈਣ।

**-ਨਿਮਰਤ ਕੌਰ**


## ਇਮਰਾਨ ਖ਼ਾਨ ਤੇ ਬੁਸ਼ਰਾ ਬੀਬੀ ਖਿਲਾਫ਼ ਦੋਸ਼ ਆਇਦ



ਇਸਲਾਮਾਬਾਦ:ਪਾਕਿਸਤਾਨ ਦੀ ਇਹਤਸਾਬੀ ਕੋਰਟ ਨੇ ਜੇਲ੍ਹ ਵਿਚ ਬੰਦ ਸਾਬਕਾ ਵਜ਼ੀਰੇ ਆਜ਼ਮ ਇਮਰਾਨ ਖ਼ਾਨ ਤੇ ਉਨ੍ਹਾਂ ਦੀ ਬੇਗ਼ਮ ਬੁਸ਼ਰਾ ਬੀਬੀ ਖਿਲਾਫ਼ 190 ਮਿਲੀਅਨ (19 ਕਰੋੜ) ਪੌਂਡ ਅਲ ਕਾਦਿਰ ਭ੍ਰਿਸ਼ਟਾਚਾਰ ਕੇਸ ਵਿਚ ਦੋਸ਼ ਪੱਤਰ ਦਾਖ਼ਲ ਕੀਤਾ ਹੈ। ਜੱਜ ਨਾਸਿਰ ਜਾਵੇਦ ਨੇ ਕੇਸ ਦੀ ਸੁਣਵਾਈ ਰਾਵਲਪਿੰਡੀ ਦੀ ਉੱਚ ਸੁਰੱਖਿਆ ਵਾਲੀ ਅਡਿਆਲਾ ਜੇਲ੍ਹ ਵਿਚ ਕੀਤੀ। ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦਾ ਬਾਨੀ ਵੱਖ ਵੱਖ ਕੇਸਾਂ ਤਹਿਤ ਇਸੇ ਜੇਲ੍ਹ ਵਿਚ ਕੈਦ ਹੈ। ਜੱਜ ਵੱਲੋਂ ਚਾਰਜਸ਼ੀਟ ਪੜ੍ਹੇ ਜਾਣ ਮੌਕੇ ਖ਼ਾਨ ਤੇ ਬੁਸ਼ਰਾ ਕੋਰਟਰੂਮ ਵਿਚ ਮੌਜੂਦ ਸਨ।

ਕੌਮੀ ਇਹਤਸਾਬ ਬਿਊਰੋ (ਐੱਨਏਬੀ) ਨੇ ਅਲ ਕਾਦਿਰ ਯੂਨੀਵਰਸਿਟੀ ਟਰੱਸਟ ਦੇ ਨਾਂ ਉੱਤੇ ਹਜ਼ਾਰਾਂ ਕਨਾਲ ਜ਼ਮੀਨ ਕਥਿਤ ਹਾਸਲ ਕਰਨ ਨਾਲ ਜੁੜੇ ਕੇਸ ਵਿਚ ਜਾਂਚ ਵਿੱਢੀ ਸੀ। ਟਰੱਸਟ ਦੇ ਨਾਂ ਲਈ ਜ਼ਮੀਨ ਕਰਕੇ ਸਰਕਾਰੀ ਖ਼ਜ਼ਾਨੇ ਨੂੰ 19 ਕਰੋੜ ਪੌਂਡ ਦਾ ਚੂਨਾ ਲੱਗਣ ਦਾ ਦਾਅਵਾ ਕੀਤਾ ਗਿਆ ਸੀ। ਜੀਓ ਨਿਊਜ਼ ਦੀ ਰਿਪੋਰਟ ਮੁਤਾਬਕ ਸੁਣਵਾਈ ਦੌਰਾਨ ਕੋਰਟ ਨੇ ਕਿਹਾ ਕਿ ਇਸ ਕੇਸ ਵਿਚ 58 ਗਵਾਹਾਂ ਦੇ ਬਿਆਨ ਦਰਜ ਕੀਤੇ ਜਾਣਗੇ। ਜੱਜ ਨੇ ਦੋਸ਼ ਆਇਦ ਕੀਤੇ ਜਾਣ ਮੌਕੇ ਖ਼ਾਨ ਨੂੰ ਜਦੋਂ ਪੁੱਛਿਆ ਕਿ ਕੀ ਉਹ ਅਪਰਾਧੀ ਹੈ ਜਾਂ ਨਹੀਂ। ਖ਼ਾਨ ਨੇ ਜਵਾਬ ਦਿੱਤਾ, ''ਜਦੋਂ ਮੈਨੂੰ ਪਤਾ ਹੈ ਕਿ ਇਸ ਉੱਤੇ ਕੀ ਲਿਖਿਆ ਹੈ ਤਾਂ ਫਿਰ ਮੈਂ ਚਾਰਜਸ਼ੀਟ ਨੂੰ ਕਿਉਂ ਪੜ੍ਹਾਂ?'' ਉਂਜ ਖ਼ਾਨ ਤੇ ਉਨ੍ਹਾਂ ਦੀ ਬੇਗ਼ਮ ਦੋਵਾਂ ਨੇ ਆਪਣੇ ਖਿਲਾਫ਼ ਲੱਗੇ ਦੋਸ਼ਾਂ ਤੋਂ ਇਨਕਾਰ ਕੀਤਾ। ਕੇਸ ਦੀ ਅਗਲੀ ਸੁਣਵਾਈ 6 ਮਾਰਚ ਨੂੰ ਹੋਵੇਗੀ ਤੇ ਕੋਰਟ ਨੇ ਐੱਨਏਬੀ ਦੇ ਪੰਜ ਗਵਾਹਾਂ ਨੂੰ ਪੇਸ਼ ਹੋਣ ਦੇ ਹੁਕਮ ਦਿੱਤੇ ਹਨ। ਇਹਤਸਾਬੀ ਕੋਰਟ ਵੱਲੋਂ ਤੋਸ਼ਾਖਾਨਾ ਭ੍ਰਿਸ਼ਟਾਚਾਰ ਕੇਸ ਵਿਚ ਖ਼ਾਨ ਜੋੜੇ ਨੂੰ 14 ਸਾਲ ਕੈਦ ਦੀ ਸਜ਼ਾ ਸੁਣਾਏ ਜਾਣ ਮਗਰੋਂ ਬੁਸ਼ਰਾ (49) ਖ਼ਾਨ ਦੀ ਇਸਲਾਮਾਬਾਦ ਸਥਿਤ ਬਾਨੀ ਗਾਲਾ ਰਿਹਾਇਸ਼ ਵਿਚ ਕੈਦ ਹੈ। ਅਲ-ਕਾਦਿਰ ਟਰੱਸਟ ਕੇਸ 190 ਮਿਲੀਅਨ ਪੌਂਡ ਦੀ ਸੈਟਲਮੈਂਟ ਨਾਲ ਸਬੰਧਤ ਹੈ।

## ਰਾਜੀਵ ਗਾਂਧੀ ਹੱਤਿਆ ਦੇ ਦੋਸ਼ੀ ਦੀ ਮੌਤ



ਚੇਨਈ:ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਤਲ ਕੇਸ ਦੇ ਦੋਸ਼ੀ ਸੰਤਨ ਦੀ ਅੱਜ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ।

ਸਰਕਾਰੀ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਸੰਤਨ ਨੂੰ ਸੁਪਰੀਮ ਕੋਰਟ ਨੇ ਰਿਹਾਅ ਕਰ ਦਿੱਤਾ ਸੀ। ਸੰਤਨ ਉਰਫ ਟੀ. ਸੁਤੇਂਦਰਰਾਜਾ (55) ਸ੍ਰੀਲੰਕਾ ਦਾ ਨਾਗਰਿਕ ਸੀ ਅਤੇ ਸਾਬਕਾ ਪ੍ਰਧਾਨ ਮੰਤਰੀ ਦੀ ਹੱਤਿਆ ਦੇ ਦੋਸ਼ ਵਿੱਚ 20 ਸਾਲ ਤੋਂ ਵੱਧ ਦੀ ਸਜ਼ਾ ਕੱਟਣ ਤੋਂ ਬਾਅਦ 2022 ਵਿੱਚ ਸੁਪਰੀਮ ਕੋਰਟ ਵੱਲੋਂ ਰਿਹਾਅ ਕੀਤੇ ਸੱਤ ਵਿਅਕਤੀਆਂ ਵਿੱਚੋਂ ਇੱਕ ਸੀ।ਰਾਜੀਵ ਗਾਂਧੀ ਸਰਕਾਰੀ ਜਨਰਲ ਹਸਪਤਾਲ ਨੇ ਦੱਸਿਆ ਕਿ ਸੰਤਨ ਦੀ ਸਵੇਰੇ 7.50 ਵਜੇ ਮੌਤ ਹੋ ਗਈ। ਸੰਤਨ ਦਾ ਜਿਗਰ ਫੇਲ੍ਹ ਹੋ ਗਿਆ ਸੀ ਅਤੇ ਉਸਦਾ ਇਲਾਜ ਕੀਤਾ ਜਾ ਰਿਹਾ ਸੀ। ਇਸ ਦੌਰਾਨ ਅੱਜ ਉਸ ਨੂੰ ਦਿਲ ਦਾ ਦੌਰਾ ਪਿਆ ਤੇ ਉਸ ਦੀ ਮੌਤ ਹੋ ਗਈ।




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਦੇਗ ਤੇਗ ਫਤਿਹ — ਪੰਥ ਕੀ ਜੀਤ

www.akalisinghgurdwara.ca

1 ਮਾਰਚ, ਦਿਨ ਸ਼ੁੱਕਰਵਾਰ.......ਸ਼ਾਮ ਨੂੰ ਲੰਗਰ ਦੀ ਸੇਵਾ ਬੀਬੀ ਗਿਆਨ ਕੌਰ ਪੁਰੇਵਾਲ ਅਤੇ ਪਰਿਵਾਰ ਵਲੋਂ ਹੋਵੇਗੀ।
2 ਮਾਰਚ, ਦਿਨ ਸ਼ਨਿੱਚਰਵਾਰ....ਸਵੇਰ ਨੂੰ ਲੰਗਰ ਦੀ ਸੇਵਾ ਭਾਈ ਸੁਰਿੰਦਰ ਸਿੰਘ ਸੰਘਾ ਅਤੇ ਪਰਿਵਾਰ ਵਲੋਂ ਹੋਵੇਗੀ।
3 ਮਾਰਚ, ਦਿਨ ਐਤਵਾਰ........ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
9 ਮਾਰਚ, ਦਿਨ ਸ਼ਨਿੱਚਰਵਾਰ....ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਦਰਸ਼ਨ ਬੈਂਸ ਅਤੇ ਪਰਿਵਾਰ ਵਲੋਂ ਹੋਵੇਗੀ।
10 ਮਾਰਚ, ਦਿਨ ਐਤਵਾਰ.......ਸਵੇਰ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਬੀਬੀ ਚਰਨਜੀਤ ਕੌਰ ਪੁਰਬਾ ਤੇ ਪਰਿਵਾਰ ਵਲੋਂ ਹੋਵੇਗੀ।
10 ਮਾਰਚ, ਦਿਨ ਐਤਵਾਰ......ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਜਸਵੀਰ ਸਿੰਘ ਪੁਰੇਵਾਲ ਅਤੇ ਪਰਿਵਾਰ ਵਲੋਂ ਹੋਵੇਗੀ।
13 ਮਾਰਚ, ਦਿਨ ਬੁੱਧਵਾਰ.......ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਯਾਦਵੀਰ ਸਿੰਘ ਪ੍ਰਹਾਰ ਅਤੇ ਪਰਿਵਾਰ ਵਲੋਂ ਹੋਵੇਗੀ।
14 ਮਾਰਚ, ਦਿਨ ਵੀਰਵਾਰ......ਸੰਗਰਾਂਦ ਦਾ ਦਿਹਾੜਾ ਹੈ, ਸ਼ਾਮ ਦੇ ਦੀਵਾਨ ਸਜਣਗੇ।
16 ਮਾਰਚ, ਦਿਨ ਸ਼ਨਿੱਚਰਵਾਰ..ਸਵੇਰ ਨੂੰ ਅਨੰਦ ਕਾਰਜ ਹੋਵੇਗਾ।
17 ਮਾਰਚ, ਦਿਨ ਐਤਵਾਰ......ਸਵੇਰ ਨੂੰ 8:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਅਤੇ ਲੰਗਰ ਵੀ ਹੋਵੇਗਾ।
17 ਮਾਰਚ ਦਿਨ ਐਤਵਾਰ.......ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਜਸਵਿੰਦਰ ਸਿੰਘ ਅਟਵਾਲ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਭਾਰਤ ਯੂਕੇ ਦੇ ਸਿੱਖਾਂ ‘ਤੇ ਕਰ ਰਿਹਾ ਅੰਤਰਰਾਸ਼ਟਰੀ ਦਮਨ:ਪ੍ਰੀਤ ਕੌਰ ਗਿੱਲ

ਨਵੀਂ ਦਿੱਲੀ:- ਬਰਤਾਨਵੀ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਹਾਊਸ ਆਫ ਕਾਮਨਜ਼ ਦੇ ਫਲੋਰ ‘ਤੇ ‘ਭਾਰਤ ਨਾਲ ਸਬੰਧ ਰੱਖਣ ਵਾਲੇ ਏਜੰਟਾਂ’ ‘ਤੇ ਬ੍ਰਿਟਿਸ਼ ਸਿੱਖਾਂ ‘ਤੇ ਅੰਤਰ-ਰਾਸ਼ਟਰੀ ਜਬਰ ਦਾ ਦੋਸ਼ ਲਾਇਆ ਹੈ। ਸੋਮਵਾਰ ਨੂੰ ਗ੍ਰਹਿ ਦਫਤਰ ਨੂੰ ਜ਼ੁਬਾਨੀ ਸਵਾਲਾਂ ਵਿੱਚ, ਸਿੱਖ ਸੰਸਦ ਮੈਂਬਰ, ਪ੍ਰੀਤ ਕੌਰ ਗਿੱਲ ਨੇ ਪੁੱਛਿਆ ਕਿ ਸੁਰੱਖਿਆ ਮੰਤਰੀ ਟੌਮ ਤੁਗੇਂਧਾਟ ਨੇ “ਦੁਸ਼ਮਣ ਰਾਜਾਂ ਦੁਆਰਾ ਅੰਤਰਰਾਸ਼ਟਰੀ ਦਮਨ ਨਾਲ ਨਜਿੱਠਣ ਲਈ ਆਪਣੇ ਵਿਭਾਗ ਦੁਆਰਾ ਚੁੱਕੇ ਗਏ ਕਦਮਾਂ ਦੀ ਪ੍ਰਭਾਵਸ਼ੀਲਤਾ ਦਾ ਕੀ ਮੁਲਾਂਕਣ ਕੀਤਾ ਹੈ”। ਗਿੱਲ ਨੇ ਹੋਮ ਆਫਿਸ ਦੇ ਜ਼ੁਬਾਨੀ ਸਵਾਲਾਂ ਦੌਰਾਨ ਮੁੱਖ ਚੈਂਬਰ ਵਿੱਚ ਕਿਹਾ, “ਹਾਲ ਹੀ ਦੇ ਮਹੀਨਿਆਂ ਵਿੱਚ ਫਾਈਵ ਆਈਜ਼ ਨੇਸ਼ਨਜ਼ ਨੇ ਭਾਰਤ ਨਾਲ ਸਬੰਧ ਰੱਖਣ ਵਾਲੇ ਏਜੰਟਾਂ ਦੀਆਂ ਕਾਰਵਾਈਆਂ ਬਾਰੇ ਚਿੰਤਾ ਜ਼ਾਹਰ ਕੀਤੀ ਹੈ, ਜੋ ਕਿ ਇੱਥੇ ਯੂਕੇ ਵਿੱਚ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਉਸਨੇ ਹਰਦੀਪ ਸਿੰਘ ਨਿੱਝਰ ਦੀ ਮੌਤ ਅਤੇ ਸਿੱਖਸ ਫਾਰ ਜਸਟਿਸ ਦੇ ਜਨਰਲ ਵਕੀਲ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਕਥਿਤ ਨਾਕਾਮ ਸਾਜਿਸ਼ ਦਾ ਜ਼ਿਕਰ ਕਰਦਿਆਂ ਕਿਹਾ, “ਸਭ ਤੋਂ ਜ਼ਿਆਦਾ ਚਿੰਤਾਜਨਕ ਤੌਰ ‘ਤੇ ਕਤਲ ਕੀਤੇ ਗਏ ਹਨ ਅਤੇ ਕਤਲ ਦੀਆਂ ਸਾਜ਼ਿਸ਼ਾਂ ਨੂੰ ਨਾਕਾਮ ਕੀਤਾ ਗਿਆ ਹੈ, ਦੋਵਾਂ ਨੂੰ ਭਾਰਤ ਦੁਆਰਾ ਅੱਤਵਾਦੀ ਐਲਾਨਿਆ ਗਿਆ ਹੈ।ਉਸਨੇ ਜਨਤਕ ਤੌਰ ‘ਤੇ “ਉਨ੍ਹਾਂ ਦੀ ਪ੍ਰਭੂਸੱਤਾ, ਕਾਨੂੰਨ ਦੇ ਸ਼ਾਸਨ ਅਤੇ ਉਨ੍ਹਾਂ ਦੀਆਂ ਜਮਹੂਰੀ ਕਦਰਾਂ-ਕੀਮਤਾਂ ਨੂੰ ਚੁਣੌਤੀ ਦੇਣ ਲਈ” ਸੀਨੀਅਰ ਪੱਧਰ ‘ਤੇ ਅਗਵਾਈ ਕਰਨ ਲਈ ਯੂਐਸ ਅਤੇ ਕੈਨੇਡੀਅਨ ਅਧਿਕਾਰੀਆਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਲੋਕਤੰਤਰ ਵਿੱਚ ਅਸਹਿਮਤੀ ਨੂੰ ਚੁੱਪ ਕਰਾਉਣ ਲਈ “ਅੰਤਰਰਾਸ਼ਟਰੀ ਦਮਨ” ਬਹੁਤ ਗੰਭੀਰ ਹੈ। ਉਨ੍ਹਾਂ ਨੇ ਪੁੱਛਿਆ “ਬਰਤਾਨਵੀ ਸਿੱਖਾਂ ਨੂੰ ਇਸ ਤਰ੍ਹਾਂ ਦੇ ਖਤਰਿਆਂ ਦਾ ਸਾਹਮਣਾ ਕਰਨ ਦੀਆਂ ਰਿਪੋਰਟਾਂ ਦੇ ਮੱਦੇਨਜ਼ਰ, ਸਰਕਾਰ ਉਨ੍ਹਾਂ ਦੀ ਸੁਰੱਖਿਆ ਲਈ ਕੀ ਕਦਮ ਚੁੱਕ ਰਹੀ ਹੈ ਅਤੇ ਕੀ ਉਹ ਸਾਡੇ ਭਾਈਵਾਲਾਂ ਵਾਂਗ ਜਨਤਕ ਤੌਰ ‘ਤੇ ਆਪਣੇ ਜਮਹੂਰੀ ਅਧਿਕਾਰਾਂ ਦੀ ਰੱਖਿਆ ਕਰਨ ਲਈ ਉਹੀ ਤਾਕਤ ਦਿਖਾਏਗੀ?” ਤੁਗੇਨਧਾਤ ਨੇ ਜਵਾਬ ਦਿੱਤਾ ਕਿ “ਸਰਕਾਰ ਯੂਕੇ ਵਿੱਚ ਵਿਅਕਤੀਗਤ ਅਧਿਕਾਰਾਂ, ਆਜ਼ਾਦੀਆਂ ਅਤੇ ਸੁਰੱਖਿਆ ਲਈ ਸੰਭਾਵੀ ਖਤਰਿਆਂ ਦਾ ਲਗਾਤਾਰ ਮੁਲਾਂਕਣ ਕਰ ਰਹੀ ਹੈ” ਅਤੇ ਵਿਅਕਤੀਆਂ ਨੂੰ ਕਿਸੇ ਵੀ ਖਤਰੇ ਨੂੰ ਘਟਾਉਣ ਲਈ ਆਪਣੀਆਂ ਖੁਫੀਆ ਸੇਵਾਵਾਂ ਦੀ ਵਰਤੋਂ ਕਰਦੀ ਹੈ।

ਉਸਨੇ ਜਨਤਕ ਤੌਰ ‘ਤੇ “ਉਨ੍ਹਾਂ ਦੀ ਪ੍ਰਭੂਸੱਤਾ, ਕਾਨੂੰਨ ਦੇ ਸ਼ਾਸਨ ਅਤੇ ਉਨ੍ਹਾਂ ਦੀਆਂ ਜਮਹੂਰੀ ਕਦਰਾਂ-ਕੀਮਤਾਂ ਨੂੰ ਚੁਣੌਤੀ ਦੇਣ ਲਈ” ਸੀਨੀਅਰ ਪੱਧਰ ‘ਤੇ ਅਗਵਾਈ ਕਰਨ ਲਈ ਯੂਐਸ ਅਤੇ ਕੈਨੇਡੀਅਨ ਅਧਿਕਾਰੀਆਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਲੋਕਤੰਤਰ ਵਿੱਚ ਅਸਹਿਮਤੀ ਨੂੰ ਚੁੱਪ ਕਰਾਉਣ ਲਈ “ਅੰਤਰਰਾਸ਼ਟਰੀ ਦਮਨ” ਬਹੁਤ ਗੰਭੀਰ ਹੈ। ਉਸਨੇ ਫਿਰ ਪੁੱਛਿਆ: “ਬਰਤਾਨਵੀ ਸਿੱਖਾਂ ਨੂੰ ਇਸ ਤਰ੍ਹਾਂ ਦੇ ਖਤਰਿਆਂ ਦਾ ਸਾਹਮਣਾ ਕਰਨ ਦੀਆਂ ਰਿਪੋਰਟਾਂ ਦੇ ਮੱਦੇਨਜ਼ਰ, ਸਰਕਾਰ ਉਨ੍ਹਾਂ ਦੀ ਸੁਰੱਖਿਆ ਲਈ ਕੀ ਕਦਮ ਚੁੱਕ ਰਹੀ ਹੈ ਅਤੇ ਕੀ ਉਹ ਸਾਡੇ ਭਾਈਵਾਲਾਂ ਵਾਂਗ ਜਨਤਕ ਤੌਰ ‘ਤੇ ਆਪਣੇ ਜਮਹੂਰੀ ਅਧਿਕਾਰਾਂ ਦੀ ਰੱਖਿਆ ਕਰਨ ਲਈ ਉਹੀ ਤਾਕਤ ਦਿਖਾਏਗੀ?” ਤੁਗੇਨਧਾਤ ਨੇ ਜਵਾਬ ਦਿੱਤਾ ਕਿ “ਸਰਕਾਰ ਯੂਕੇ ਵਿੱਚ ਵਿਅਕਤੀਗਤ ਅਧਿਕਾਰਾਂ, ਆਜ਼ਾਦੀਆਂ ਅਤੇ ਸੁਰੱਖਿਆ ਲਈ ਸੰਭਾਵੀ ਖਤਰਿਆਂ ਦਾ ਲਗਾਤਾਰ ਮੁਲਾਂਕਣ ਕਰ ਰਹੀ ਹੈ” ਅਤੇ ਵਿਅਕਤੀਆਂ ਨੂੰ ਕਿਸੇ ਵੀ ਖਤਰੇ ਨੂੰ ਘਟਾਉਣ ਲਈ ਆਪਣੀਆਂ ਖੁਫੀਆ ਸੇਵਾਵਾਂ ਦੀ ਵਰਤੋਂ ਕਰਦੀ ਹੈ।ਅਸੀਂ ਆਪਣੇ ਪੰਜ ਅੱਖਾਂ ਦੇ ਭਾਈਵਾਲਾਂ ਨਾਲ ਬਹੁਤ ਨਜ਼ਦੀਕੀ ਸਬੰਧ ਬਣਾਈ ਰੱਖਦੇ ਹਾਂ। ਅਸੀਂ ਪੂਰੀ ਤਰ੍ਹਾਂ ਸਪੱਸ਼ਟ ਹਾਂ ਕਿ ਜਦੋਂ ਜਾਂ ਜੇਕਰ ਸਥਿਤੀ ਬਦਲਦੀ ਹੈ, ਅਤੇ ਸਾਨੂੰ ਕਾਰਵਾਈ ਕਰਨ ਦੀ ਲੋੜ ਹੈ, ਅਸੀਂ ਅਜਿਹਾ ਕਰਾਂਗੇ। ਗਿੱਲ ਕਈ ਅੰਤਰ-ਪਾਰਟੀ ਸੰਸਦ ਮੈਂਬਰਾਂ ਵਿੱਚੋਂ ਇੱਕ ਸੀ ਜਿਨ੍ਹਾਂ ਨੇ ਹਾਲ ਹੀ ਵਿੱਚ ਯੂਕੇ ਪੁਲਿਸ ਦੁਆਰਾ ਕਈ ਬ੍ਰਿਟਿਸ਼ ਸਿੱਖਾਂ ਨੂੰ “ਜਾਨ ਲਈ ਖ਼ਤਰੇ ਦੀਆਂ ਚੇਤਾਵਨੀਆਂ” ਦੀਆਂ ਰਿਪੋਰਟਾਂ ਤੋਂ ਬਾਅਦ ਆਪਣੀਆਂ ਚਿੰਤਾਵਾਂ ਨੂੰ ਪ੍ਰਗਟ ਕਰਨ ਲਈ ਤੁਗੇਂਧਾਤ ਨਾਲ ਮੁਲਾਕਾਤ ਕੀਤੀ ਸੀ।

(ਸਫਾ ਬੀ8 ਦੀ ਬਾਕੀ)

ਕਰੀਏ, ਕਿਸਾਨ ਵੀਰ ਪਰਾਲੀ ਅਤੇ ਪੈਲੀਆਂ ਵਿੱਚ ਲੱਗੇ ਰੁੱਖਾਂ ਨੂੰ ਅੱਗ ਨਾ ਲਗਾਉਣ, ਸਗੋਂ ਵੱਧ ਤੋਂ ਵੱਧ ਰੁੱਖ ਆਪਣੀਆਂ ਪੈਲੀਆਂ ਦੇ ਆਲੇ-ਦੁਆਲੇ ਲਗਾਉਣ ਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨ।

ਆਓ ਸਾਰੇ ਵੱਧ ਤੋਂ ਵੱਧ ਪਾਣੀ ਬਚਾਈਏ ਓ੍ਹਨੂੰ ਪ੍ਰਦੂਸ਼ਤ ਨਾ ਕਰੀਏ ।ਮਿੱਟੀ ਨੂੰ ਵੀ ਪ੍ਰਦੂਸ਼ਣ ਰਹਿਤ ਬਣਾਈਏ ਘੱਟ ਤੋਂ ਘੱਟ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਕਰੀਏ।ਆਪਣਾ ਆਲਾਦੁਆਲਾ ਸਾਫ ਰੱਖੀਏ।ਸਾਰੇ ਰਲ ਕੇ ਰੁੱਖਾਂ ਦੀ ਸਾਂਭ-ਸੰਭਾਲ ਕਰੀਏ। ਸਾਨੂੰ ਕੀ ? ਵਾਲੀ ਆਦਤ ਛੱਡ ਕੇ ਆਪਣਾ ਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਰੌਸ਼ਨ ਕਰੀਏ ਤੇ ਇਸ ਨਾਅਰੇ ਨੂੰ ਸੱਚ ਬਣਾਈਏ -



“ਰੁੱਖ ਲਗਾਓ ਪਾਣੀ ਬਚਾਓ,
ਪਸ਼ੂ, ਪੰਛੀਆਂ ਦਾ ਸਤਿਕਾਰ ਕਰੋ ।
ਜੰਗਲ ਬੇਲੇ ਸਾਂਭ ਕੇ ਰੱਖੋ,
ਵਾਤਾਵਰਨ ਤੇ ਉਪਕਾਰ ਕਰੋ ।”

**ਕਰਮਜੀਤ ਕੌਰ (ਪੰਜਾਬੀ ਮਿਸਟ੍ਰੈਸ)**
**ਸਕੂਲ ਆਫ ਐਮੀਨੈਂਸ, ਛੇਹਰਟਾ, ਅੰਮ੍ਰਿਤਸਰ ।**
**ਫੋਨ ਨੰ.: 9464987905**





Punjab TRAVELS

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।



ਜੀਵਨ ਸਿੰਘ ਮੋਗਾ

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

Ph : 604-825-3075, 604-744-4400
2642 Cedar Park Abbotsford, British Columbia V2T 3S5

SekCheck FINGERPRINTING SERVICES

*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver

Ph:604-628-4446, 778-536-1188
#255-13711-72Ave Surrey, BC

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ
www.singhsabhasurrey.com
8115, 132 ਸਟਰੀਟ, ਸਰੀ, ਬੀ.ਸੀ. V3W 4N5

**ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ**

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

**ਇਸ ਹਫਤੇ ਦੇ ਪ੍ਰੋਗਰਾਮ**



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਅਖੰਡਪਾਠ ਸਾਹਿਬ ਦੀ ਸੇਵਾ ਭਾਈ ਨਿਰਲੇਪ ਸਿੰਘ ਬੱਲ ਪਰਿਵਾਰ ਵੱਲੋਂ ਹੋਵੇਗੀ ਜਿਸਦੀ ਆਰੰਭਤਾ 1 ਮਾਰਚ ਦਿਨ ਸ਼ੁੱਕਰਵਾਰ ਨੂੰ ਸਵੇਰੇ 9.30 ਵਜੇ ਹੋਵੇਗੀ ਅਤੇ ਭੋਗ 3 ਮਾਰਚ ਦਿਨ ਐਤਵਾਰ ਨੂੰ ਸਵੇਰੇ 9.30 ਵਜੇ ਪੈਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*2 ਮਾਰਚ ਦਿਨ ਸ਼ਨਿਚਰਵਾਰ ਨੂੰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਬੀਬੀ ਕੁਲਵਿੰਦਰ ਕੌਰ ਪਰਿਵਾਰ ਵੱਲੋਂ ਹੋਵੇਗੀ।

*2 ਮਾਰਚ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਊਧਮ ਸਿੰਘ ਪਰਿਵਾਰ ਵੱਲੋਂ 2. ਭਾਈ ਪਲਵਿੰਦਰ ਸਿੰਘ ਪਰਿਵਾਰ ਵੱਲੋਂ

*3 ਮਾਰਚ ਦਿਨ ਐਤਵਾਰ ਨੂੰ ਅੰਤਮ ਸਸਕਾਰ ਸਵ ਜੁਗਿੰਦਰ ਸਿੰਘ ਰਾਏ ਦੁਪਹਿਰ 12.30 ਵਜੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ।

ਉਪਰੰਤ ਗੁਰੂਘਰ ਵਿਖੇ ਦੁਪਹਿਰ 2 ਵਜੇ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਰਸ਼ਪਾਲ ਸਿੰਘ ਫਾਜ਼ਿਲਕਾ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 604-590-3224**

# ਸਰੀ ਵਿੱਚ ਬਣੇਗਾ 12,000 ਲੋਕਾਂ ਦੀ ਸਮਰੱਥਾ ਵਾਲਾ ਸਟੇਡੀਅਮ

ਸਰੀ: ਸਰੀ ਦੀ ਮੇਅਰ ਬਰੈਂਡਾ ਲੌਕ ਨੇ 2022 ਵਿੱਚ ਸਿਟੀ ਚੋਣਾਂ ਵਿੱਚ ਜਿੱਤ ਹਾਸਲ ਕਰਨ ਤੋਂ ਬਾਅਦ ਆਪਣਾ ਪਹਿਲਾ ਸਟੇਟ ਆਫ ਦਿ ਸਿਟੀ ਸੰਬੋਧਨ ਵਿੱਚ ਕਈ ਵੱਡੇ ਐਲਾਨ ਕੀਤੇ। ਇਸ ਦੌਰਾਨ ਉਨ੍ਹਾਂ ਐਲਾਨ ਕੀਤਾ ਕਿ ਸਰੀ ਵਿੱਚ ਇੱਕ ਨਵਾਂ ਸਟੇਡੀਅਮ ਤਿਆਰ ਕੀਤਾ ਜਾਵੇਗਾ ਜਿਸ ਦੀ ਸਮਰੱਥਾ 12,000 ਲੋਕਾਂ ਦੇ ਬੈਠਣ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਸਟੇਡੀਅਮ ਦੀ ਯੋਜਨਾ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ ਅਤੇ ਇਸ ਦੀ ਉਸਾਰੀ ਦੌਰਾਨ ਸ਼ਹਿਰ ਵਾਸੀਆਂ ਨੂੰ ਨੌਕਰੀਆਂ ਵੀ ਮਿਲਣਗੀਆਂ।

ਸ਼ੈਰੇਟਨ ਵੈਨਕੂਵਰ ਗਿਲਡਫੋਰਡ ਹੋਟਲ ਵਿੱਚ ਉਨ੍ਹਾਂ ਕਿਹਾ ਕਿ ਅਸੀਂ ਵੱਡੇ ਸ਼ਹਿਰ ਦੀਆਂ ਸਹੂਲਤਾਂ ਵਿੱਚ ਨਿਵੇਸ਼ ਕਰਾਂਗੇ, ਜਿਵੇਂ ਕਿ ਪ੍ਰਮੁੱਖ ਖੇਡਾਂ ਅਤੇ ਸਮਾਗਮਾਂ ਦੀਆਂ ਸਹੂਲਤਾਂ, ਮਨੋਰੰਜਨ ਅਤੇ ਸੰਗੀਤ ਸਥਾਨਾਂ ਦੇ ਨਾਲ-ਨਾਲ ਸਰੀ ਵਿੱਚ ਖਾਣੇ ਦੇ ਵਿਲੱਖਣ ਵਿਕਲਪ। ਅਸੀਂ ਜਾਣਦੇ ਹਾਂ ਕਿ ਸਾਡੇ ਵਸਨੀਕ ਆਪਣੇ ਸ਼ਹਿਰ ਵਿੱਚ ਉਹ ਵਿਕਲਪ ਚਾਹੁੰਦੇ ਹਨ ਅਤੇ ਉਨ੍ਹਾਂ ਨੇ ਸਾਡੇ ਜਨਤਕ ਸਲਾਹ-ਮਸ਼ਵਰੇ ਵਿੱਚ ਇਹ ਸਪੱਸ਼ਟ ਕਰ ਦਿੱਤਾ ਹੈ। ”

ਮੇਅਰ ਨੇ ਕਿਹਾ ਕਿ ਸਰੀ ਪਹਿਲਾਂ ਹੀ ਖੇਡਾਂ ਦਾ ਸਥਾਨ ਹੈ। ਕੈਨੇਡਾ ਕੱਪ ਸਾਫਟਬਾਲ ਚੈਂਪੀਅਨਸ਼ਿਪ ਅਤੇ ਹੈਲੀ ਵਿਕੇਨਹਾਈਜ਼ਰ ਦੇ ਵਿੱਕਫੈਸਟ ਸਮੇਤ, ਸਰੀ ਨੇ ਪਿਛਲੇ ਸਾਲ 24 ”ਖੇਡ ਸੈਰ-ਸਪਾਟਾ ਈਵੈਂਟਸ ਦੀ ਮੇਜ਼ਬਾਨੀ ਕੀਤੀ, ਅਤੇ ਅਸੀਂ ਇਸ ਨੂੰ ਹੋਰ ਅੱਗੇ ਲੈ ਕੇ ਜਾਵਾਂਗੇ।

ਉਨ੍ਹਾਂ ਐਲਾਨ ਕਰਦੇ ਹੋਏ ਕਿਹਾ ਕਿ ”ਮੈਨੂੰ ਇੱਥੇ ਪਹਿਲਾਂ ਇਹ ਐਲਾਨ ਕਰਦਿਆਂ ਖੁਸ਼ੀ ਹੋ ਰਹੀ ਹੈ, ਉਹ ਕੌਂਸਲ ਸਰੀ ਇੱਕ 12,000 ਸੀਟਾਂ ਵਾਲਾ ਸਟੇਡੀਅਮ ਜੋੜਨ ਦੀ ਕੋਸ਼ਿਸ਼ ਕਰ ਰਹੀ ਹੈ। ਇਹ ਜ਼ਮੀਨੀ ਕੰਮ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ, ਅਤੇ ਕੱਲ੍ਹ ਅਸੀਂ ਉੱਥੇ ਪਹੁੰਚਣ ਲਈ ਇੱਕ ਆਰਥਿਕ ਅਤੇ ਸੰਭਾਵਨਾ ਅਧਿਐਨ ਸ਼ੁਰੂ ਕਰ ਰਹੇ ਹਾਂ। ”

ਸਰੀ ਦੀ ਮੇਅਰ ਨੇ ਕਿਹਾ ਕਿ ਸਰੀ ਵਰਤਮਾਨ ਵਿੱਚ ਬੀ ਸੀ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ ਹੈ ਅਤੇ ਕੈਨੇਡਾ ਵਿੱਚ 12ਵਾਂ ਸਭ ਤੋਂ ਵੱਡਾ ਸ਼ਹਿਰ ਹੈ। ਸਰੀ ਜਲਦੀ ਹੀ ਬੀ.ਸੀ. ਦਾ ਸਭ ਤੋਂ ਵੱਡਾ ਸ਼ਹਿਰ ਬਣ ਜਾਵੇਗਾ। ਹੋ ਸਕਿਦਾ ਹੈ ਜੋ ਅੰਦਾਜ਼ੇ ਲਗਾਏ ਗਏ ਹਨ ਅਸੀਂ ਉਸ ਤੋਂ ਪਹਿਲਾਂ ਹੀ ਉਥੇ ਪਹੁੰਚ ਜਾਈਏ।

ਪਰ ਬੀ ਸੀ ਦਾ ਸਭ ਤੋਂ ਵੱਡਾ ਸ਼ਹਿਰ ਹੋਣ ਤੋਂ ਇਲਾਵਾ, ਸਰੀ 2042 ਤੱਕ 10 ਲੱਖ ਲੋਕਾਂ ਤੱਕ ਪਹੁੰਚਣ ਲਈ ਤਿਆਰ ਹੋਣਾ ਚਾਹੀਦਾ ਹੈ। ਅਸੀਂ 20 ਸਾਲਾਂ ਤੋਂ ਵੀ ਘੱਟ ਸਮੇਂ ਵਿੱਚ ਆਪਣੀ ਆਬਾਦੀ ਲਗਭਗ ਦੁੱਗਣੀ ਕਰਨ ਦੀ ਗੱਲ ਕਰ ਰਹੇ ਹਾਂ ਪਰ ਸਾਨੂੰ ਸਹੂਲਤਾਂ ਲਈ ਪਹੁੰਚ ਕਰਨੀ ਪਵੇਗੀ ਅਤੇ ਮੈਂ ਜਾਣਦਾ ਹਾਂ, ਜੇਕਰ ਕੋਈ ਸ਼ਹਿਰ ਅਜਿਹਾ ਕਰ ਸਕਦਾ ਹੈ, ਤਾਂ ਸਰੀ ਦੇ ਲੋਕ ਕਰਨਗੇ। ਅਸਲੀਅਤ ਇਹ ਹੈ ਕਿ ਸਾਨੂੰ ਕੋਈ ਰੋਕ ਨਹੀਂ ਰਿਹਾ।









## ਸਿਹਤ ਸੰਬੰਧੀ





# ਛਾਹੀਆਂ, ਐਕਨੀ, ਕਿੱਲ-ਮੁਹਾਸੇ ਅਤੇ ਹੋਮਿਓਪੈਥੀ

ਮਨੁੱਖੀ ਸੁੰਦਰਤਾ ਦੀ ਪਰਿਭਾਸ਼ਾ ਦਾ ਘੇਰਾ ਬਹੁਤ ਵਿਸ਼ਾਲ ਹੈ। ਅਜੋਕੇ ਸਮੇਂ ਵਿੱਚ ਤਨ ਦੀ ਸੁੰਦਰਤਾ ਨੂੰ ਮਨ ਦੀ ਸੁੰਦਰਤਾ ਨਾਲੋਂ ਪਹਿਲ ਦਿੱਤੀ ਜਾਂਦੀ ਹੈ। ਮਨੁੱਖ ਬਾਹਰੋਂ ਸੋਹਣਾ ਦਿਖਣ ਲਈ ਹਰ ਤਰ੍ਹਾਂ ਦੇ ਵਸੀਲੇ ਵਰਤਦਾ ਹੈ।ਮਨੁੱਖ ਦੇ ਚਿਹਰੇ ਤੋਂ ਉਸ ਦੀ ਪੂਰੀ ਬਾਹਰੀ ਦਿੱਖ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਕਿਸੇ ਸਿਹਤ ਸੰਬੰਧੀ ਵਿਗਾੜ ਦੇ ਚਲਦਿਆਂ ਮਿਹਰਾ ਮੁਰਝਾਇਆ ਲੱਗਣ ਨਾਲ ਪਰਿਭਾਵਤ ਮਨੁੱਖ ਚਿੰਤਾ-ਗ੍ਰਸਤ ਦਿਖਣ ਲੱਗ ਪੈਂਦਾ ਹੈ। ਚਿਹਰੇ ਉੱਤੇ ਖ਼ੁਸ਼ੀਆਂ ਦੇ ਖੇੜੇ ਮੁੜ ਪਰਤਾਉਣ ਵਾਸਤੇ ਅੰਦਰਲੇ ਰੋਗ ਨੂੰ ਢੁਕਵੀਂ ਚਿਕਿਤਸਾ ਰਾਹੀਂ ਠੀਕ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ।ਕਈ ਵਾਰੀ ਵੇਖਣ ਵਿੱਚ ਆਉਂਦਾ ਹੈ ਕਿ ਕੋਈ ਗੰਭੀਰ ਰੋਗ ਨਾ ਹੁੰਦਿਆਂ ਹੋਇਆਂ ਵੀ ਚਿਹਰੇ ਤੋਂ ਤਰੋ-ਤਾਜ਼ਗੀ ਗਾਇਬ ਹੁੰਦੀ ਹੈ ਜਾਂ ਕਿੱਲ, ਮੁਹਾਸੇ ਅਤੇ ਛਾਹੀਆਂ ਚਿਹਰੇ ਨੂੰ ਭੱਦਾ ਬਣਾ ਦਿੰਦੀਆਂ ਹਨ। ਚੜ੍ਹਦੀ ਉਮਰ ਵਿੱਚ ਮੁੰਡੇ ਕੁੜੀਆਂ ਵਿੱਚ ਇਹ ਹਾਰਮੋਨਜ਼ ਵਿਚਲੀ ਤਬਦੀਲੀ ਕਾਰਣ ਹੋ ਜਾਂਦੇ ਹਨ।

ਪਰ, ਫ਼ੈਸ਼ਨ ਨੂੰ ਪਹਿਲ ਅਤੇ ਸਾਫ਼ ਚਿਹਰੇ ਵਾਲੀ ਚੰਗੀ ਦਿੱਖ ਹਾਸਲ ਕਰਨ ਲਈ ਨੌਜਵਾਨ ਪੀੜੀ ਕਈ ਤਰ੍ਹਾਂ ਦੇ ਅਣਅਧਿਕਾਰਤ ਤਰੀਕੇ ਜਾਂ ਔਹੜ-ਪੌਹੜ ਦੀ ਵਰਤੋਂ ਕਰਕੇ ਅਜਾਈਂ ਪੈਸਾ ਗੰਵਾ ਬੈਠਦੇ ਹਨ।ਸਫ਼ਲਤਾ ਤਾਂ ਹੀ ਮਿਲੇਗੀ ਜੇ ਕਿਸੇ ਪੇਸ਼ੇਵਰ ਚਿਕਿਤਸਕ ਤੋਂ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਇਲਾਜ ਕਰਵਾਇਆ ਜਾਵੇਗਾ। ਕੈਮੀਕਲ-ਅਧਾਰਤ ਕ੍ਰੀਮਾਂ ਦੀ ਵਰਤੋਂ ਕਰ ਕੇ ਕਿੱਲ, ਮੁਹਾਸੇ ਜਾਂ ਛਾਹੀਆਂ ਦਾ ਠੋਸ ਇਲਾਜ ਨਹੀਂ ਹੁੰਦਾ, ਸਗੋਂ ਚਮੜੀ ਦੇ ਰੋਮ ਅਤੇ ਗ੍ਰੰਥੀਆਂ, ਜਿਨ੍ਹਾਂ ਰਾਹੀਂ ਚਮੜੀ ਦੇ ਹੇਠ ਇਕੱਠੇ ਹੋਏ ਅਣਚਾਹੇ ਪਦਾਰਥ ਨਿਕਲਣਾ ਚਾਹੀਦਾ ਹੈ, ਉੱਥੇ ਰੁਕਾਵਟਾਂ ਬਣ ਜਾਂਦੀਆਂ ਹਨ। ਕਿੱਲ ਅਤੇ ਮੁਹਾਸਿਆਂ ਦਾ ਪ੍ਰਕੋਪ ਸਿਰਫ਼ ਚਿਹਰੇ ਤਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਮੋਢਿਆਂ ਅਤੇ ਪਿੱਠ ਉੱਤੇ ਵੀ ਇਨ੍ਹਾਂ ਦਾ ਪ੍ਰਗਟਾਵਾ ਹੋ ਜਾਂਦਾ ਹੈ। ਕਈ ਕਿੱਲ-ਮੁਹਾਸੇ ਤਾਂ ਫ਼ਿਣਸੀਆਂ ਅਤੇ ਫ਼ੋੜਿਆਂ ਦੀ ਸ਼ਕਲ ਵੀ ਇਖ਼ਤੀਆਰ ਕਰ ਲੈਂਦੇ ਹਨ, ਜਿਨ੍ਹਾਂ ਵਿੱਚੋਂ ਪੀਕ ਜਾਂ ਕਚ-ਲਹੂ ਰਿਸਦਾ ਹੈ। ਕਈਆਂ ਨੂੰ ਇਸ ਵਿੱਚੋਂ ਰਿਸਦਾ ਅਣਚਾਹਿਆ ਪਦਾਰਥ ਕੱਢਣ ਲਈ ਇਨ੍ਹਾਂ ਨੂੰ ਦਬਾਉਣ ਦੀ ਆਦਤ ਪੈ ਜਾਂਦੀ ਹੈ ਜੋ ਕਿ ਚਿਹਰੇ ਉੱਪਰ ਨਿਸ਼ਾਨ ਅਤੇ ਧੱਬੇ ਛੱਡ ਦਿੰਦੇ ਹਨ ਜਿਸ ਨਾਲ ਚਿਹਰਾ ਅਤੇ ਚਮੜੀ ਕਰੂਪ ਲੱਗਦੇ ਹਨ ਅਤੇ ਪੀੜ੍ਹਤ ਮਨੁੱਖ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ।

ਆਮ ਤੌਰ 'ਤੇ ਇਸਤਰੀਆਂ ਦੇ ਚਿਹਰੇ ਉੱਤੇ ਛਾਹੀਆਂ ਦਾ ਪ੍ਰਕੋਪ ਜ਼ਿਆਦਾ ਹੁੰਦਾ ਹੈ ਜਿਸ ਦਾ ਕਾਰਣ ਲਹੂ ਦੀ ਘਾਟ, ਜਣੇਪੇ ਤੋਂ ਬਾਅਦ ਕਮਜ਼ੋਰੀ, ਮਾਹਵਾਰੀ ਦੇ ਨਾਲ ਜੁੜੀਆਂ ਸਮੱਸਿਆਵਾਂ, ਬਹੁਤ ਠੰਢ ਜਾਂ ਗਰਮੀ ਵਿੱਚ ਜ਼ਿਆਦਾ ਦੇਰ ਤਕ ਕੰਮ ਕਰਨਾ ਆਦਿ ਆਮ ਹੁੰਦੇ ਹਨ। ਕਿੱਲ-ਮੁਹਾਸਿਆਂ ਦੀਆਂ ਕਈ ਪ੍ਰਕਾਰ ਦੀਆਂ ਕਿਸਮਾਂ ਹੁੰਦੀਆਂ ਹਨ, ਜਿਵੇਂ ਐਕਨੀ-ਵਲਗਰਸ, ਐਕਨੀ-ਪੈਂਕਟੇਟਾ, ਐਕਨੀ-ਇਨਡਿਯੂਰੇਟਾ ਆਦਿ। ਐਕਨੀ ਦੀ ਵਜ੍ਹਾ ਆਮ ਤੌਰ 'ਤੇ ਸਫ਼ਾਈ ਦੀ ਘਾਟ,




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579



ਦੂਸ਼ਿਤ ਵਾਤਾਵਰਣ ਅਤੇ ਸੁੰਦਰਤਾ ਲਈ ਵਰਤੀਆਂ ਜਾਣ ਵਾਲੀਆਂ ਅਣ-ਅਧਿਕਾਰਤ ਕ੍ਰੀਮਾਂ ਦਾ ਇਸਤੇਮਾਲ ਹੁੰਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਦੇ ਹੋਰ ਕਾਰਣ ਜਿਵੇਂ ਪੇਟ ਵਿੱਚ ਗੈਸ, ਕਬਜ਼, ਮੈਹਿਦੇ ਦੀ ਕਮਜ਼ੋਰੀ, ਮਾਹਵਾਰੀ ਵਿੱਚ ਵਿਗਾੜ, ਤੇਲ-ਨੁੰਮਾ ਚਮੜੀ ਜਾਂ ਹੋਰ ਚਿਲਕਾਲੀਨ ਅਲਾਮਤਾਂ ਨੂੰ ਠੀਕ ਕਰਨ ਲਈ ਜਿੱਥੇ ਨਿੱਜੀ ਸਵੱਛਤਾ ਲਾਹੇਵੰਦ ਹੁੰਦੀ ਹੈ, ਉੱਥੇ ਹੀ ਹੋਮਿਓਪੈਥਿਕ ਦਵਾਈਆਂ ਰਾਹੀਂ ਇਨ੍ਹਾਂ ਨੂੰ ਠੀਕ ਕਰਨ ਉਪਰੰਤ ਚਿਹਰੇ ਅਤੇ ਸਰੀਰ ਦੀ ਸੁੰਦਰਤਾ ਵਧਾਈ ਜਾ ਸਕਦੀ ਹੈ। ਹੋਮਿਓਪੈਥੀ ਦੀ ਸਹੀ ਦਵਾਈ ਅਜਿਹੀ ਅਲਾਮਤ ਨੂੰ ਜੜ੍ਹੋਂ ਪੁੱਟਣ ਵਿੱਚ ਸਹਾਈ ਹੋ ਸਕਦੀ ਹੈ।ਹੋਮਿਓਪੈਥੀ ਦੀ ਢੁਕਵੀਂ ਦਵਾਈ ਦੀ ਚੋਣ ਵਾਸਤੇ ਕਿਸੇ ਨਿਪੁੰਨ ਹੋਮਿਓਪੈਥ ਦੀਆਂ ਸੇਵਾਵਾਂ ਦਾ ਲਾਭ ਉਠਾਉਣਾ ਚਾਹੀਦਾ ਹੈ। ਤੁਹਾਡੇ ਸਰੀਰਕ, ਮਾਨਸਿਕ ਅਤੇ ਵਾਤਾਵਰਣ-ਸੰਬੰਧੀ ਪਹਿਲੂਆਂ ਨੂੰ ਗਹਿਰਾਈ ਨਾਲ ਸਮਝ ਕੇ ਉਨ੍ਹਾਂ ਦਾ ਮੁਲਾਂਕਣ ਕਰਨ ਉਪਰੰਤ ਹੀ ਸਹੀ ਹੋਮਿਓਪੈਥਿਕ ਦਵਾਈ ਰਾਹੀਂ ਐਕਨੀ, ਕਿੱਲ ਅਤੇ ਛਾਹੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਕਿੱਲ-ਮੁਹਾਸੇ ਤੋਂ ਬਚਣ ਲਈ ਧਿਆਨਯੋਗ ਗੱਲਾਂ:

- ਚਿਹਰੇ ਦੀ ਸਾਫ਼-ਸਫ਼ਾਈ ਰੱਖਣ ਲਈ ਚਿਹਰੇ ਨੂੰ ਗੁਣਗੁਣੇ ਪਾਣੀ ਅਤੇ ਚੰਗੇ ਸਾਬਣ ਨਾਲ ਧੋਵੋ ਤਾਂ ਕਿ ਚਿਹਰੇ 'ਤੇ ਜੰਮੀ ਧੂੜ ਜਾਂ ਅੰਦਰੋਂ ਉੱਭਰਿਆ ਤੇਲ ਸਾਫ਼ ਹੋ ਸਕੇ।
- ਕਬਜ਼ ਤੋਂ ਬਚੋ। ਆਪਣੇ ਭੋਜਨ ਵਿੱਚ ਲੋੜੀਂਦੇ ਤੱਤਾਂ ਤੋਂ ਇਲਾਵਾ ਫ਼ਾਈਬਰ ਵਾਲੀ ਪੌਸ਼ਟਿਕ ਖ਼ੁਰਾਕ, ਫ਼ਲ ਅਤੇ ਸਲਾਦ ਦਾ ਇਸਤੇਮਾਲ ਕਰੋ।
- ਦਿਨ ਵਿੱਚ ਅੱਠ ਤੋਂ ਦਸ ਗਿਲਾਸ ਪਾਣੀ ਜ਼ਰੂਰ ਪੀਓ।
- ਪੇਸਟ੍ਰੀ, ਚੌਕਲੇਟ, ਚਰਬੀ, ਤਲ਼ੀਆਂ ਚੀਜ਼ਾਂ ਅਤੇ ਜੰਕ ਫ਼ੂਡ ਦੀ ਵਰਤੋਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

ਨਸ਼ਿਆਂ ਤੋਂ ਛੁਟਕਾਰਾ ਪਾਓ
night & day recovery
ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca




ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ
☆ CUSTOM MADE DIAMOND JEWELLERY OF:
☆ 10K, 14K,
☆ WHITE GOLD & 
☆ PLATINUM.
Repairing, Polishing & Appraisals
Step-in and see our exclusive collections of Singapore, India, Pakistan and Custom-made 22K Jewellery
OFFICIAL AGENTS OF RADO WATCHES
ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ
6570 - Main St., (Between 49th & 50th) Vancouver BC
Ph: 604-327-3132
FAX: 604-327-0335

# ਕਵਿਤਾਵਾਂ

## ਕੀਰਤਨ ਦਾ ਚਾਅ

ਗਹਿਮਾ ਗਹਿਮ ਸੀ ਗੁਰਦਵਾਰੇ ਵਿੱਚ,
ਸੰਗਤ ਜੁੜੀ ਸੀ ਬਹੁਤ ਹੀ ਭਾਰੀ,
ਸਾਰੇ ਹਾਲ ਬੁੱਕ ਸਨ ਪੂਰੇ,
ਸਮਾਗਮਾਂ ਦੀ ਸੀ ਖ਼ੂਬ ਤਿਆਰੀ।
ਛੋਟੇ ਜਿਹੇ ਇੱਕ ਹਾਲ ਦੇ ਵਿੱਚ,
ਵੱਖਰਾ ਸੀ ਦੇਖਣ ਨੂੰ ਨਜ਼ਾਰਾ,
ਗਿਣਤੀ ਦੇ ਇਥੇ ਬੀਬੇ ਬੀਬੀਆਂ,
ਕੁੱਝ ਕਰ ਰਹੇ ਸਨ ਕੰਮ ਨਿਆਰਾ।
ਨਾ ਕੋਈ ਰਾਗੀ ਨਾ ਕੋਈ ਢਾਡੀ,
ਨਾ ਕੋਈ ਉੱਥੇ ਕਥਾਕਾਰ ਸੀ,
ਮਹਾਰਾਜ ਦੀ ਤਾਬਿਆ ਇੱਕੋ,
ਗ੍ਰੰਥੀ ਬੈਠਾ ਚੌਂਕੜੀ ਮਾਰ ਸੀ।
ਬੇ ਸੁਰੀਆਂ ਆਵਾਜ਼ਾਂ ਦੇ ਵਿੱਚ,
ਸ਼ਬਦ ਕੁੱਝ ਬੀਬੀਆਂ ਗਾ ਰਹੀਆਂ ਸਨ,
ਬਿਨਾ ਕਿਸੇ ਸਾਜ਼ ਤੋਂ ਸੱਖਣੀਆਂ,
ਵੱਖੋ ਵੱਖ ਤਰਜ਼ਾਂ ਆ ਰਹੀਆਂ ਸਨ।
ਕਦੀ ਕਦੀ ਭਾਈਆਂ ਵਲੋਂ ਵੀ,
ਉਠ ਰਹੀਆਂ ਸਨ ਅਜੀਬ ਆਵਾਜ਼ਾਂ,
ਇੱਕ ਸੁਰਤਾਲ ਨਾਲ ਗਾਵਣ ਬਾਝੋਂ,
ਸੱਖਣੇਂ ਸਨ ਜੋ ਬਿਨਾ ਉਹ ਰਾਗਾਂ।
ਝੁੰਝਲਾਹਟ ਨਾਲ਼ ਮੇਰੇ ਅੰਦਰ,
ਇੱਛਾ ਪ੍ਰਬਲ ਹੋ ਰਹੀ ਸੀ ਭਾਰੀ,
ਸੋਚ ਰਿਹਾਂ ਸਾਂ ਸ਼ਬਦ ਗਾਉਣ ਦੀ,
ਮੈਨੂੰ ਵੀ ਮਿਲ਼ ਜਾਏ ਕਿਤੇ ਵਾਰੀ।
ਪਰ ਸਾਜ਼ ਬਿਨਾ ਕੋਈ ਗਾਉਣ ਨਹੀਂ ਜਚਦਾ,
ਘੱਟੋ ਘੱਟ ਇੱਕ ਢੋਲਕ ਤਾਂ ਹੋਵੇ,
ਇੱਡੇ ਵੱਡੇ ਗੁਰਦਵਾਰੇ ਅੰਦਰ,
ਕੋਈ ਵੀ ਸਾਜ਼ ਪਿਆ ਤਾਂ ਹੋਵੇ।
ਏਸੇ ਲਈ ਮੈਂ ਢੋਲਕ ਲੱਭਣ ਲਈ,
ਕਮਰੇ 'ਤੇ ਕਮਰਾ ਗਾਹ ਦਿੱਤਾ,
ਆਖਰ ਇੱਕ ਕਮਰੇ 'ਚ ਪਹੁੰਚ ਕੇ,
ਇੱਕ ਢੋਲਕ ਨੂੰ ਮੈਂ ਹੱਥ ਪਾ ਲੀਤਾ।
ਇਸ ਕਮਰੇ ਦੇ ਇੱਕ ਖੂੰਜੇ ਵਿੱਚ,
ਮੇਰੀ ਇੱਛਾ ਹੋ ਗਈ ਸੀ ਪੂਰੀ,
ਢੋਲਕ ਸੀ ਦਰਮਿਆਨੀ ਕਿਸਮ ਦੀ,
ਘਸਮੈਲ਼ੀ ਜਿਹੀ 'ਤੇ ਕੁੱਝ ਕੁੱਝ ਭੂਰੀ।
ਚਾਈਂ ਚਾਈਂ ਜਲਦ ਪਹੁੰਚ ਗਿਆ,
ਉਸੇ ਹਾਲ ਵਿੱਚ ਮੈਂ ਫਿਰ ਮੁੜ ਕੇ,
ਜਲਦੀ ਜਲਦੀ ਤਣੀਆਂ ਖਿੱਚ ਕੇ,
ਤਾਲ ਕਰਨ ਲਈ ਮਾਰੇ ਤੁਣਕੇ।
ਸਾਰੀ ਸੰਗਤ ਦੀ ਮੇਰੇ ਵਿੱਚ,
ਉਤਸੁਕਤਾ ਜਾਪ ਰਹੀ ਸੀ ਭਾਰੀ,
ਆਪਣੇ ਆਪ 'ਚ ਸ਼ਬਦ ਗਾਉਣ ਦੀ,
ਮੈਂ ਵੀ ਕਰ ਲਈ ਖ਼ੂਬ ਤਿਆਰੀ।
ਪਰ ਇਸ ਤੋਂ ਪਹਿਲਾਂ ਕਿ ਮੈਂ ਆਪਣੀ,
ਤਾਲ ਦੇ ਨਾਲ਼ ਆਵਾਜ਼ ਮਿਲਾਂਦਾ,
ਗ੍ਰੰਥੀ ਤਾਬਿਆ ਤੋਂ ਉੱਠ ਖੜ੍ਹਿਆ,
ਅਰਦਾਸ ਵਾਲਾ ਸ਼ਬਦ ਉਹ ਗਾਉਂਦਾ।
ਤੁਮ ਠਾਕੁਰ ਤੁਮ ਭਏ ਅਰਦਾਸ ਨੇ,
ਮੇਰਾ ਮਨਸੂਬਾ ਠੁੱਸ ਕਰ ਦਿੱਤਾ,
ਮੈਂ ਵੀ ਅਰਦਾਸ ਵਿੱਚ ਸ਼ਾਮਲ ਹੋ ਗਿਆ,
ਸ਼ਰਮਿੰਦਾ, ਮਾਯੂਸ ਅਤੇ ਦੋ ਚਿੱਤਾ।
ਕੀਰਤਨ ਕਰਕੇ ਧਾਂਕ ਜਮਾਉਣ ਦਾ,
ਸੁਪਨਾ ਮੇਰਾ ਹੋਇਆ ਨਾ ਪੂਰਾ,
ਕਈ ਹੋਰ ਨਾਕਾਮੀਆਂ ਵਾਂਗੂੰ,
ਇਹ ਕੰਮ ਵੀ ਰਹਿ ਗਿਆ ਅਧੂਰਾ।




**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**

## ਹਕੀਕਤ

ਲੋਕੋ ! ਮੈਨੂੰ ਭਾਵੇਂ ਨੇਤਾ ਕਹੋ
ਭਾਵੇਂ, ਆਖੋ ਰਾਜਾ ਜਾਂ ਰਾਣੀ।
ਫਿਰ ਯੁੱਗਾਂ ਤੀਕਰ ਚੱਲਣੀ
ਹੈ ਮੇਰੀ ਕਰਮ ਕਹਾਣੀ।
ਕਦੇ ਕਰਮ, ਕਦੇ ਧਰਮ ਦੀ,
ਮੈਂ ਹੀ ਉਲਝਾਂਵਾਂ ਤਾਣੀ।
ਲੋਕਾਂ ਨੂੰ ਗੁੰਮਰਾਹ ਕਰਾਂ,
ਕਰਾਂ ਸਦਾ ਮਨਮਾਨੀ।
ਮੈਂ ਆਸੇ ਪਾਸੇ ਰੱਖਦਾ,
ਆਪਣੇ ਚਮਚਿਆਂ ਦੀ ਢਾਣੀ।
ਤਾਨਾਸ਼ਾਹ ਬਣ ਬੈਠਦਾ,
ਕਰ ਲੋਕਤੰਤਰ ਦੀ ਘਾਣੀ।
ਕੁਰਸੀ ਬੈਠਣ ਸਾਰ ਹੀ,
ਮੈਨੂੰ ਜ਼ਿੰਦਗੀ ਭੁੱਲੀ ਪੁਰਾਣੀ।
ਹੁਣ ਮਿਲਣੇ ਨੂੰ ਵੀ ਤਰਸਦੇ,
ਜਿਹੜੇ ਸੀ ਬਚਪਨ ਦੇ ਹਾਣੀ।
ਰੁਤਬੇ ਥੱਲੇ ਹੀ ਦਬ ਗਈ,
ਮੇਰੀ ਮਸਤੀ ਜੋ ਰੂਹਾਨੀ ।
ਮੈਂ ਲਾਂਭੇ ਕੀਤਾ ਜ਼ਮੀਰ ਨੂੰ ,
ਤੇ ਚਾਦਰ ਲੋਭ ਦੀ ਤਾਣੀ।
ਅੱਤਿਆਚਾਰ ਕਰੇਂਦਿਆਂ,
ਵੀ ਮੈਨੂੰ ਨਹੀਂ ਗ਼ਿਲਾਨੀ।
ਮੈਨੂੰ, ਮਿਲੇ ਰਾਜ ਤੇ ਤਾਜ ਨੇ,
ਕਰ ਦਿੱਤਾ ਹੈ ਅਭਿਮਾਨੀ।
ਲੋਕਾਂ ਮੈਨੂੰ ਰੱਬ ਸਮਝਿਆ,
ਪਰ ਮੇਰੀ ਬੁੱਧ ਸ਼ੈਤਾਨੀ।
ਮੈਂ "ਨਿੱਜ" ਬਾਰੇ ਹੀ ਜਾਣਦਾ,
ਮੈਂ ਹਾਂ"ਪਰ" ਤੋਂ ਅਗਿਆਨੀ।
ਮੈਂਨੂੰ ਝੂਠੀ ਮਾਇਆ ਮੋਹਿਆ,
ਸੱਚ ਦੀ ਕਦੇ ਸਾਰ ਨਾ ਜਾਣੀ ।
ਮੇਰੇ ਉੱਤੇ ਵੀ ਇੱਕ ਸਰਕਾਰ ਹੈ,
ਜੋ ਹੈ ਹੱਕ ਸੱਚ ਦੀ ਰਾਣੀ।
ਰਿਹਾ "ਹਉਮੈਂ" ਵਿੱਚ ਹੀ ਵਿਚਰਦਾ
ਕਰ ਕੇ ਉਸ ਦੀ ਬੇਧਿਆਨੀ।
ਲੋਕੋ ! ਮੈਨੂੰ ਭਾਵੇਂ ਨੇਤਾ ਕਹੋ
ਭਾਵੇਂ ਆਖੋ ਰਾਜਾ ਜਾਂ ਰਾਣੀ।
ਫਿਰ ਯੁੱਗਾਂ.

**ਰਜਨੀਸ਼ ਕੌਰ ਬਬਲੀ,**
**ਬਰਨਾਲਾ।**

GARCHA Plumbing
Heating & Repair Ltd.
15 Yrs Experience
ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ
Civil Litigation
*Contract Disputes
*Construction Disputes
*Debt Collection
*Business Disputes
*Builders Lien
Divorce Cases
Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution
Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits

AMANDEEP SINGH
JUSTIN S. THIND
604.543.3886
SINGH THIND & ASSOCIATES
BARRISTERS & SOLICITORS

# FRASERVIEW MEATS

The Name of Guaranteed Quality Meats



Number One Quality Meat in Lower Mainland

We also sell cooked chicken
We take orders for all occassion

Serving You Since 1993

Try our Special Chicken Tikkar



Jagir S. Nagra

**604-592-2900**

#102-12047-80th Ave. Surrey (Besides Mega Fruticana)
www.fraserviewmeats.com



# Rai Express Lines Ltd.



## Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8



ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

# ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ
150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

**778-928-4522, 778-565-4141, 778-565-3232**


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
Special Sale 3 PCS Set $1150
2 PCS SOFA & LOVE SEAT $1550
2 PCS SOFA & LOVE SEAT $1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ


DIRECT
FURNITURE & MATTRESS
CALL US
(604) 572 5553
Exclusive leather Sofa
Collection
AT THE
MEGA SALE
EVENT
RED TAG
SALE
In House Design Consultation
Furniture for all home Spaces
UPTO
70%
OFF
40
YEARS OF
TRUST
12743 80 AVE SURREY
www.directfurnituresurrey.ca
THE RED TAG SALE
IS NOW ON


ਤੁਸੀਂ ਭਵਿੱਖ ਵਿੱਚ ਆਪਣੇ
ਆਪ ਦਾ ਧੰਨਵਾਦ ਕਰੋਗੇ।
ਛੋਟੀ ਉਮਰ ਵਿੱਚ HPV ਵੈਕਸੀਨ ਲਗਵਾਉਣ ਨਾਲ ਜੀਵਨ ਵਿੱਚ ਅੱਗੇ ਚੱਲਕੇ ਹੋਣ ਵਾਲੇ ਕਈ ਕੈਂਸਰਾਂ ਤੋਂ ਬਚਾਅ ਹੋ ਸਕਦਾ ਹੈ। ਇਹ ਵੈਕਸੀਨ 9-18 ਸਾਲ ਦੀ ਉਮਰ ਦੇ ਨੌਜਵਾਨਾਂ ਲਈ ਸੁਰੱਖਿਅਤ, ਅਸਰਦਾਰ ਅਤੇ ਮੁਫ਼ਤ ਹੈ।
BRITISH COLUMBIA
HealthLinkBC.ca/HPV
‘ਤੇ ਜਾਕੇ ਸ਼ੁਰੂਆਤ ਕਰੋ